ਮਾਰਚ 1988
ਮੁੱਲ ਦੋ ਰੁਪਏ
94

## ਸੰਪਾਦਕੀ : ਪੰਜਾਬ ਦੇ ਮਸਲੇ ਦੇ ਹਲ ਬਾਰੇ ਸਹੀ ਪਹੁੰਚ ਅਪਨਾਉਣ ਦੀ ਲੋੜ ਹੈ

ਜਦੋਂ ਪੰਜਾਬ ਦੇ ਮਸਲੇ ਦੇ ਹਲ ਬਾਰੇ ਗੱਲ ਛੇੜੀ ਜਾਂਦੀ ਹੈ ਤਾਂ ਇਹਦੀ ਸੀਮਾ ਇਹ ਮਿਥ ਲੈਣੀ ਚਾਹੀਦੀ ਹੈ ਕਿ ਇਹਦਾ ਮਤਲਬ ਹੈ ਕਿ ਇਥੇ 1978 ਵਾਲੀ ਹਾਲਤ ਵਾਪਸ ਆਏ। ਕਤਲੋਗਾਰਤ ਬੰਦ ਹੋਵੇ ਅਤੇ ਦਹਿਸ਼ਤ ਦਾ ਵਾਤਾਵਰਨ ਖਤਮ ਹੋਵੇ। ਬਾਕੀ ਜਿਥੋਂ ਤਕ ਆਮ ਲੋਕਾਂ ਦੇ ਮਸਲਿਆਂ ਦੇ ਹਲ ਬਾਰੇ ਗਲ ਹੈ, ਉਹ ਤਾਂ ਹੁਣ ਸਾਫ ਹੈ ਕਿ ਉਹ ਮਸਲੇ ਸਮੁੱਚੇ ਸਿਸਟਮ ਦੀ ਦੇਣ ਹਨ ਤੇ ਸਿਸਟਮ ਖਤਮ ਕਰੇ ਬਿਨਾਂ ਉਹ ਹਲ ਨਹੀਂ ਹੋਣੇ। ਆਮ ਲੋਕਾਂ ਦੀਆਂ ਤਕਲੀਫਾਂ ਤਾਂ ਹਰ ਦਿਨ ਚੜ੍ਹਨ ਨਾਲ ਵਧਦੀਆਂ ਹੀ ਜਾ ਰਹੀਆਂ ਹਨ। ਨਵੇਂ ਟੈਕਸਾਂ ਅਤੇ ਵਧ ਰਹੀ ਮਹਿੰਗਾਈ ਨੇ ਤਾਂ ਹੱਦ ਹੀ ਕਰ ਦਿਤੀ ਹੈ। ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ, ਉਸ ਵੇਲੇ ਤਕ ਹਾਲੇ ਰੇਲ ਬਜਟ ਦਾ ਭਾਰ ਹੀ ਸਾਹਮਣੇ ਆਇਆ ਹੈ। ਆਮ ਬਜਟ ਨੇ ਕੀ ਭਾਰ ਪਾਉਣਾ ਹੈ, ਉਹ ਹਾਲੇ ਨਹੀਂ ਪਤਾ। ਇਸ ਲਈ ਪੰਜਾਬ ਮਸਲੇ ਦੀ ਗਲ ਜਦੋਂ ਛੇੜੀ ਜਾ ਰਹੀ ਹੈ ਤਾਂ ਉਹਦੀ ਉਤਲੀ ਦਸੀ ਸੀਮਾ ਹੀ ਮਿਥ ਲਈ ਹੈ।

ਇਸ ਵੇਲੇ ਪੰਜਾਬ ਦਾ ਮਸਲਾ ਇਕ ਡੈਡਲਾਕ ਹਾਲਤ ਵਿਚ ਖੜਾ ਹੈ। ਸਾਰੀਆਂ ਧਿਰਾਂ ਆਪਣੇ ਆਪਣੇ ਪੱਖ ਦੱਸ ਰਹੀਆਂ ਹਨ। ਬਾਦਲ ਦੇ ਅਕਾਲੀਦਲ ਵਲੋਂ ਮਸਲੇ ਬਾਰੇ ਗੱਲ ਬਾਤ ਕਰਨ ਦੀਆਂ ਜੋ ਪਹਿਲੀਆਂ ਪੰਜ ਸ਼ਰਤਾਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਉਹਨਾਂ ਬਾਰੇ ਅਸਹਿਮਤੀ ਨਹੀਂ ਜਾ ਕੀਤੀ ਸਕਦੀ। ਜੋਧਪੁਰ ਦੇ ਕੈਦੀਆਂ ਦੀ ਰਿਹਾਈ, ਫੌਜੀਆਂ ਦੀ ਬਹਾਲੀ, ਦਿਲੀ ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ, ਆਮ ਮੁਆਫੀ ਤੇ ਝੂਠੇ ਪੁਲਸ ਮੁਕਾਬਲੇ ਬੰਦ ਕਰਨ ਦੀਆਂ ਮੰਗਾਂ ਸਾਰੀਆਂ ਜਾਇਜ਼ ਮੰਗਾਂ ਹਨ। ਅਖੀਰ ਗੱਲ ਬਾਤ ਦਾ ਵਾਤਾਵਰਨ ਬਨਾਉਣ ਲਈ ਕੁਝ ਬੁਨਿਆਦੀ ਗੱਲਾਂ ਦੀ ਪੂਰਵ ਪੂਰਤੀ ਹੋਣੀ ਚਾਹੀਦੀ ਹੈ। ਬਾਦਲ ਹੋਰਾਂ ਦੀ ਅਲੋਚਨਾ ਹੈ ਕਿ ਉਹ ਦਹਿਸ਼ਤਗਰਦਾਂ ਦੇ ਹਥੋਂ ਬੇਦੋਸ਼ੇ ਬੰਦਿਆਂ ਦੇ ਕਤਲਾਂ ਬਾਰੇ ਕਿਉਂ ਨਹੀਂ ਜ਼ਬਾਨ ਖੋਲ੍ਹਦੇ? ਇਹ ਅਲੋਚਨਾ ਵੀ ਜਾਇਜ਼ ਹੈ ਅਤੇ ਇਹਦੇ ਨਾਲ ਇਹ ਵੀ ਸੱਚ ਹੈ ਜਦੋਂ ਬਾਦਲ ਦੇ ਹਿਮੈਤੀ ਇਹ ਰਹਿੰਦੇ ਹਨ ਕਿ ਅਲੋਚਨਾ ਕਰਨ ਵਾਲੇ ਆਪਣੀ ਬੁੱਕਲ ਵਿਚ ਮੂੰਹ ਪਾ ਕੇ ਵੇਖਣ ਕਿ ਜਦੋਂ ਤਿੰਨ ਦਿਨਾਂ ਵਿਚ ਇਕੱਲੀ ਦਿਲੀ ਵਿਚ 3100 ਸਿਖ ਮਾਰੇ ਗਏ ਤਾਂ ਦੇਸ਼ ਦੀ ਪਾਰਲੀਮੈਂਟ ਵਲੋਂ ਵੀ ਅਤੇ ਹੋਰ ਕਿਸੇ ਵੀ ਸੰਸਥਾ ਵਲੋਂ ਇਕ ਵੀ ਸ਼ਬਦ ਹਮਦਰਦੀ ਦਾ ਨਹੀਂ ਕਿਹਾ ਗਿਆ ਸੀ। ਮਿਹਣੇ ਤਾਂ ਇਕ ਦੂਜੇ ਨੂੰ ਇਸ ਤਰ੍ਹਾਂ ਬਹੁਤ ਦਿਤੇ ਜਾ ਸਕਦੇ ਹਨ, ਪਰ ਮਸਲੇ ਦਾ ਹਲ ਅਸਲੀਅਤ ਦਾ ਸਾਹਮਣਾ ਕਰਕੇ ਹੀ ਹੋ ਸਕਦਾ ਹੈ।

---ਇਹਦੇ ਬਾਰੇ ਸਹੀ ਪਹੁੰਚ ਤਾਂ ਉਹੀ ਹੋਵੇਗੀ ਜਿਹੜੀ ਇਹ ਗਰੰਟੀ ਕਰਦੀ ਹੋਵੇ ਕਿ ਹਿੰਦੂ ਪੰਜਾਬ ਵਿਚ ਅਤੇ ਸਿਖ ਬਾਕੀ ਭਾਰਤ ਵਿਚ ਬਿਨਾਂ ਸਹਿਮ ਇਕ ਸਤਿਕਾਰਯੋਗ ਜ਼ਿੰਦਗੀ ਗੁਜ਼ਾਰ ਸਕਦੇ ਹਨ। ਸਿਖਾਂ ਦੀ ਇਕ ਧਿਰ ਕਹਿੰਦੀ ਹੈ ਕਿ ਉਹ ਖਾਲਿਸਤਾਨ ਬਨਾਉਣਾ ਚਾਹੁੰਦੀ ਹੈ ਤਾਂ ਉਹਨਾਂ ਨੂੰ ਇਹ ਹੱਕ ਦੇ ਦੇਣਾ ਚਾਹੀਦਾ ਹੈ ਕਿ ਉਹ ਆਪਣੀ ਗਲ ਖੁੱਲ੍ਹ ਕੇ ਲੋਕਾਂ ਵਿਚ ਲੈ ਕੇ ਆਉਣ ਤੇ ਲੋਕਾਂ ਦਾ ਵੀ ਇਹ ਹੱਕ ਹੋਣਾ ਚਾਹੀਦਾ ਹੈ ਕਿ ਉਹਨਾਂ ਉਤੇ

ਇਸ ਅੰਕ ਵਿਚ :—ਸੰਪਾਦਕੀ–ਪੰਜਾਬ ਦੇ ਮਸਲੇ ਦੇ ਹੱਲ ਬਾਰੇ ਸਹੀ ਪਹੁੰਚ ਅਪਨਾਉਣ ਦੀ ਲੋੜ।
o ਸੰਪਾਦਕੀ ਟਿਪਣੀਆਂ, o ਕਮਿਊਨਿਸਟ ਅਤੇ ਦਲਿਤ ਸੰਘਰਸ਼, o ਅੱਜ ਦੇ ਸੰਦਰਭ ਵਿਚ ਕੁਝ ਸਿਆਸੀ ਮਸਲੇ, o ਕਹਾਣੀ–ਦਹਿਸ਼ਤਗਰਦ/ਮਿੱਤਰ ਸੈਨ ਮੀਤ, o ਪਾਠਕ ਲੇਖਕ ਫੋਰਮ : ਸਾਥੀ ਮਾਲਵਿੰਦਰ ਮਾਲੀ ਦੀ ਚਿੱਠੀ ਇਕ ਤੇ ਲੇਖ, o ਸਾਥੀ ਅਜਮੇਰ ਸਿੰਘ ਦਾ ਲੇਖ, o ਦੋ ਚਿੱਠੀਆਂ : ਲਾਲ ਸਿੰਘ ਤੇ ਬਲਦੇਵ ਬਾਵਾ

ਸਵਾਲ ਕਰਨ ਕਿ ਉਹ ਖਾਲਿਸਤਾਨ ਕਿਹੋ ਜਿਹਾ ਬਨਾਉਣਾ ਚਾਹੁੰਦੇ ਹਨ, ਉਹਦਾ ਨਕਸ਼ਾ ਕੀ ਹੋਵੇਗਾ, ਉਸ ਨਕਸ਼ੇ ਦੀਆਂ ਹੱਦਾਂ ਦੇ ਅੰਦਰ ਜਿਹੜੇ ਲੋਕ ਵਸਦੇ ਹਨ ਭਾਵੇਂ ਉਹ ਸਿਖ ਹਨ ਭਾਵੇਂ ਹਿੰਦੂ ਹਨ ਕੀ ਉਹਨਾਂ ਦੀ ਮਰਜ਼ੀ ਪੁਛੀ ਜਾਏ ਕਿ ਨਾ, ਇਸ ਖਾਲਿਸਤਾਨ ਦਾ ਵਿਧਾਨ ਕੀ ਹੋਵੇਗਾ, ਆਰਥਕ ਸਿਸਟਮ ਕੀ ਹੋਵੇਗਾ ? ਹੁਣ ਜੋ ਗਲ ਬਣੀ ਹੋਈ ਹੈ, ਨਾ ਹੀ ਉਹਨਾਂ ਨੂੰ ਆਪਣੀ ਗੱਲ ਕਹਿਣ ਦੀ ਇਜਾਜ਼ਤ ਹੈ ਅਤੇ ਨਾ ਹੀ ਲੋਕਾਂ ਨੂੰ ਮੌਕਾ ਹੈ ਕਿ ਉਹਨਾਂ ਨੂੰ ਸਵਾਲ ਜਵਾਬ ਕਰਨ। ਉਹਨਾਂ ਨੂੰ ਵੀ ਗੋਲੀ ਨਾਲ ਦਬਾਇਆ ਜਾ ਰਿਹਾ ਹੈ ਅਤੇ ਉਹ ਵੀ ਆਪਣੀ ਗੱਲ ਗੋਲੀ ਨਾਲ ਹੀ ਕਰਦੇ ਹਨ। ਸਾਰਾ ਪੰਜਾਬ ਖਾਹ ਮਖਾਹ ਸੂਲੀ ਉੱਤੇ ਟੰਗਿਆ ਹੋਇਆ ਹੈ। ਇਸ ਵਾਤਾਵਰਨ ਨੂੰ ਬਦਲਣ ਲਈ ਅਤੇ ਡੈਡਲਾਕ ਨੂੰ ਤੋੜਨ ਲਈ ਗੱਲ ਬਾਤ ਸ਼ੁਰੂ ਕਰਨੀ ਜ਼ਰੂਰੀ ਹੈ ਤੇ **'ਇਹ ਗੱਲ ਬਾਤ ਗੋਲਮੇਜ਼' ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦੀ।**

ਗੋਲਮੇਜ਼ ਉਤੇ ਸਾਰੀਆਂ ਧਿਰਾਂ ਦੀ ਸ਼ਮੂਲੀਅਤ ਜ਼ਰੂਰੀ ਹੈ। ਅਕਾਲੀਆਂ ਦੀ ਕਿਸੇ ਇਕ ਧਿਰ ਦਾ ਇਹ ਦਾਅਵਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ ਕਿ ਉਹੀ ਪੰਜਾਬ ਦੀ ਤਕਦੀਰ ਦੇ ਮਾਲਕ ਹਨ। ਇਸੇ ਤਰ੍ਹਾਂ ਪੰਥਕ ਕਮੇਟੀ ਦਾ ਵੀ ਇਹ ਦਾਅਵਾ ਨਹੀਂ ਮੰਨਿਆ ਜਾ ਸਕਦਾ ਕਿ ਉਹੀ ਸਿਖਾਂ ਦੀ ਪ੍ਰਤੀਨਿਧ ਹਨ, ਪਰ ਇਹ ਵੀ ਸੱਚ ਹੈ ਕਿ ਉਹਨਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਿਛਲੇ 8-10 ਸਾਲਾਂ ਵਿਚ ਉਹਨਾਂ ਨੇ (ਭਾਵੇਂ ਕਿਸੀ ਤਰ੍ਹਾਂ ਵੀ) ਕਮਅਜ਼ ਕਮ ਇਹ ਸਾਬਤ ਜ਼ਰੂਰ ਕਰ ਦਿਤਾ ਹੈ ਕਿ ਉਹ ਇਕ ਮਹੱਤਤਾ ਰਖਣ ਵਾਲੀ ਧਿਰ ਹਨ ਤੇ ਪੰਜਾਬ ਦੇ ਭਵਿਖ ਬਾਰੇ ਕਿਸੇ ਵੀ ਸਮਝੌਤੇ ਨੂੰ ਨੇਪਰੇ ਚਾੜ੍ਹਣ ਲਈ ਉਹਨਾਂ ਦੀ ਸਹਿਮਤੀ ਵੀ ਜ਼ਰੂਰੀ ਹੈ। ਦਲੀਲ ਇਹ ਦਿਤੀ ਜਾਂਦੀ ਹੈ ਕਿ ਇਸ ਤਰ੍ਹਾਂ ਹਿੰਸਕ ਕਾਰਵਾਈਆਂ ਵਿਚ ਵਾਧਾ ਹੋਵੇਗਾ। ਕੱਲ ਕੋਈ ਵੀ ਉਠਕੇ ਬੰਦੂਕਾਂ ਚੁੱਕ ਲਵੇਗਾ, ਤੇ ਉਹਦੇ ਨਾਲ ਗਲ ਬਾਤ ਕਰਨੀ ਪਵੇਗੀ। ਦਲੀਲ ਠੀਕ ਕਹੀ ਜਾ ਸਕਦੀ ਹੈ ਪਰ ਜੋ ਅਸਲੀਅਤ ਹੈ, ਉਹ ਮੰਨਣੀ ਪੈਂਦੀ ਹੈ। ਹੁਣ ਪੰਥਕ ਕਮੇਟੀ 'ਕੋਈ ਵੀ' ਵਾਲੇ ਵਿਸ਼ਲੇਸਣ ਅੰਦਰ ਨਹੀਂ ਆਉਂਦੀ। ਉਹਦੀ ਹੋਂਦ ਨੂੰ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ, ਜੇਕਰ ਕੱਟੜ ਸਿਖਾਂ ਨੂੰ ਗੋਲਮੇਜ਼ ਤੇ ਬੁਲਾਇਆ ਜਾਣਾ ਹੈ, ਤੇ ਕੱਟੜ ਹਿੰਦੂ ਸੰਸਥਾਵਾਂ ਨੂੰ ਵੀ ਬੁਲਾਇਆ ਜਾਏ। (ਹਿੰਦੂ ਸੁਰਖਿਆ ਸਮਤੀਆਂ, ਭਾਰਤੀ ਜੰਤਾ ਪਾਰਟੀ ਆਦਿਕ ਇਹ ਸਭ ਇਸ ਵਿਸ਼ਲੇਸ਼ਣ ਵਿਚੋਂ ਆਂਦੀਆਂ ਹਨ)। ਕਮਿਊਨਿਸ਼ਟਾਂ ਦੇ ਨੁਮਾਇਦੇ ਅਤੇ ਹੋਰ ਫਿਰਕਾ ਪ੍ਰਸਤੀ ਵਿਰੋਧੀ ਧਿਰਾਂ ਵੀ ਗੋਲਮੇਜ਼ ਤੇ ਹੋਣੀਆਂ ਚਾਹੀਦੀਆਂ ਹਨ। ਗੋਲਮੇਜ਼ ਦੀ ਸਾਰੀ ਕਾਰਵਾਈ ਲੋਕਾਂ ਅਗੇ ਆਉਣੀ ਚਾਹੀਦੀ ਹੈ ਤਾਂ ਜੋ ਸੱਚ ਝੂਠ ਮੌਕਾਪ੍ਰਸਤੀ ਅਤੇ ਦਲੀਲ ਬੇਦਲੀਲ ਸਭ ਲੋਕਾਂ ਅਗੇ ਨੰਗੇ ਹੋਣ। ਗੋਲਮੇਜ਼ ਹੋਰ ਕੁਝ ਪ੍ਰਾਪਤ ਕਰ ਸਕੇ ਜਾਂ ਨਾ, ਕਮਆਜ਼ ਖਿਚਾਅ ਨੂੰ ਘੱਟ ਕਰਨ ਵਿਚ ਜ਼ਰੂਰ ਮਦਦ ਕਰੇਗਾ। ਹੁਣ ਤਾਂ ਸਾਰੀਆਂ ਧਿਰਾਂ ਆਪਣੀ ਆਪਣੀ ਥਾਂ ਘਤੂੰਣ ਹੋਈਆਂ ਬੈਠੀਆਂ ਹਨ। **ਬਰਫ਼ ਕਿਸੇ ਨਾ ਕਿਸੇ ਤਰੀਕੇ ਨਾਲ ਪਿਘਲਣੀ ਹੀ ਚਾਹੀਦੀ ਹੈ।/ਗੁਰਸ਼ਰਨ ਸਿੰਘ**

ਪਿਛੋਂ ਸੁੱਝੀ ਗੱਲ : ਇਕ ਦੋਸਤ ਨੇ ਲਿਖਿਆ ਹੈ ਕਿ ਗੁਰਸ਼ਰਨ ਸਿੰਘ ਜੀ ਤੁਸੀਂ ਕਿੰਨੀਆਂ ਹੀ ਤਜਵੀਜ਼ਾਂ ਦੇਵੋ, ਪੰਜਾਬ ਦਾ ਮਸਲਾ ਉਸ ਵੇਲੇ ਤਕ ਹੱਲ ਨਹੀਂ ਹੋਣਾ, ਜਿੰਨੀ ਦੇਰ ਰਾਜੀਵ ਗਾਂਧੀ ਦਿਲੀ ਦੀ ਗੱਦੀ ਤੇ ਬੈਠਾ ਹੈ। ਉਹਨੇ ਆਪਣੀ ਮਾਂ ਦਾ ਬਦਲਾ ਪੰਜਾਬ ਨੂੰ ਉਜਾੜ ਕੇ ਹੀ ਲੈਣਾ ਹੈ। ਮੇਰਾ ਜਵਾਬ ਹੈ ਕਿ ਜਿਥੇ ਪੰਜਾਬ ਦੇ ਮਸਲੇ ਦਾ ਹੱਲ ਜਲਦੀ ਹੋਣਾ ਚਾਹੀਦਾ ਹੈ, ਉਥੇ ਰਾਜੀਵ ਦਾ ਗੱਦੀਓਂ ਲਹਿਣਾ ਵੀ ਜਲਦੀ ਹੋਣਾ ਚਾਹੀਦਾ ਹੈ। ਇਸੇ ਵਿਚ ਭਾਰਤ ਸਮੇਤ ਪੰਜਾਬ ਦਾ ਭਲਾ ਹੈ।/ਗ. ਸ.

---

## 8 ਅਪਰੈਲ ਚੰਡੀਗੜ੍ਹ ਚਲੋ

8 ਅਪ੍ਰੈਲ 1929 ਭਗਤ ਸਿੰਘ ਤੇ ਸਾਥੀਆਂ ਨੇ ਦਿਲੀ ਅਸੈਂਬਲੀ ਵਿਚ ਬੰਬ ਸੁੱਟਣ ਬਾਅਦ ਜੋ ਪਰਚਾ ਵੰਡਿਆ ਉਸਦਾ ਸਿਰਲੇਖ ਸੀ **"ਬੋਲਿਆਂ ਨੂੰ ਸੁਨਾਣ ਲਈ ਗਰਜ ਦੀ ਲੋੜ ਹੈ"**—ਅੱਜ ਦੇ ਹਾਕਮਾਂ ਦੇ ਬੋਲੇ ਕੰਨਾਂ ਵਿਚ **ਪੰਜਾਬ ਦੇ ਮੱਸਲੇ** ਦੇ ਹੱਲ ਲਈ ਤੇ ਸਾਧਾਰਨ ਲੋਕਾਂ ਦੀਆਂ ਮੁਸ਼ਕਲਾਂ ਉਹਨਾਂ ਤਕ ਪੁਚਾਣ ਲਈ ਇਨਕਲਾਬੀ ਕੇਂਦਰ ਪੰਜਾਬ ਵਲੋਂ ਇਕ ਵਡੀ ਰੈਲੀ ਅਤੇ ਵਿਖਾਵਾ 8 ਅਪਰੈਲ ਨੂੰ ਜਥੇਬੰਦ ਕੀਤਾ ਜਾ ਰਿਹਾ ਹੈ। ਇਸ ਵਿਖਾਵੇ ਤੇ ਵਡੀ ਗਿਣਤੀ ਵਿਚ ਲੋਕਾਂ ਨੂੰ ਪੁਜਣ ਦਾ ਸੱਦਾ ਹੈ। /**ਗੁਰਸ਼ਰਨ ਸਿੰਘ ਕਨਵੀਨਰ**

## ਸੰਪਾਦਕੀ ਟਿਪਣੀਆਂ

### ੦ ਵੀ. ਪੀ. ਸਿੰਘ ਜਦੋਂ ਬੋਲਦਾ ਹੈ, ਲੋਕਾਂ ਦੇ ਜਜ਼ਬਤਾਂ ਦੀ ਤਰਜਮਾਨੀ ਕਰਦਾ ਹੈ

ਭਾਰਤ ਵਿਚ ਇਕ ਭ੍ਰਿਸ਼ਟ ਸਿਸਟਮ ਚਲ ਰਿਹਾ ਹੈ। ਇਸਨੂੰ ਨੰਗਾ ਕਰਨ ਵਿਚ ਵੀ ਪੀ. ਸਿੰਘ ਬਹੁਤ ਵੱਡੀ ਭੂਮਿਕਾ ਨਿਭਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਉਹਦੀ ਸਾਰੀ ਮੁਹਿੰਮ ਵਿਚ ਉਹਦੇ ਜ਼ਾਤੀ ਮਫਾਦ ਹਨ। ਉਹ ਰਾਜੀਵ ਦੀ ਥਾਂ ਆਪ ਭਾਰਤ ਦੀ ਗੱਦੀ ਤੇ ਬੈਠਨਾ ਚਾਹੁੰਦਾ ਹੈ। ਇਹ ਗੱਲ ਆਪਣੇ ਆਪ ਵਿਚ ਕੋਈ ਇਲਜ਼ਾਮ ਨਹੀਂ ਹੋਣਾ ਚਾਹੀਦਾ। ਤਾਕਤ ਹਾਸਲ ਕਰਨ ਲਈ ਕੋਈ ਉਪਰਾਲਾ ਕਰਨਾ ਕੋਈ ਗੁਨਾਹ ਨਹੀਂ। ਤਰੇਵਿੰਦਰਮ ਵਿਚ ਲੱਖਾਂ ਦੀ ਹਾਜ਼ਰੀ ਵਿਚ ਜੋ ਉਹਨੇ ਤਕਰੀਰ ਕੀਤੀ ਤੇ ਜਿਹੜੇ ਨੁੱਕਤੇ ਉਠਾਏ, ਉਹ ਲੋਕਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਦੇ ਹਨ।

੦ 'ਰਾਜੀਵ ਹਟਾਉ' ਠੀਕ ਨਾਅਰਾ ਹੈ, ਪਰ ਰਾਜੀਵ ਤਾਂ ਹੀ ਹਟ ਸਕੇਗਾ ਜੇਕਰ ਭਾਰਤ ਦੀਆਂ ਜਮਹੂਰੀ ਸ਼ਕਤੀਆਂ ਦੀ ਏਕਤਾ ਹੋਵੇਗੀ। ਇਸ ਲਈ 'ਰਾਜੀਵ ਹਟਾਓ' ਦੇ ਨਾਲ ਨਾਲ ਲੋਕਾਂ ਵਲੋਂ ਵਿਰੋਧੀ ਜਮਹੂਰੀ ਪਾਰਟੀਆਂ ਉਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਉਹ ਆਪਸ ਵਿਚ ਘੱਟ ਤੋਂ ਘੱਟ ਪ੍ਰੋਗਰਾਮ ਤੇ ਏਕਤਾ ਕਰਨ ਤੇ ਕਾਂਗਰਸ ਪਾਰਟੀ ਦਾ ਬਦਲ ਦੇਣ।

੦ ਇਸ ਦੇਸ਼ ਵਿਚ ਇਕ ਭ੍ਰਿਸ਼ਟ ਸਿਸਟਮ ਚਲ ਰਿਹਾ ਹੈ, ਜੋ ਮੁੱਖ ਤੌਰ ਤੇ ਕਾਂਗਰਸ ਪਾਰਟੀ ਦੀ ਦੇਣ ਹੈ। ਇਹ ਸਿਸਟਮ ਨੂੰ ਕਾਂਗਰਸ ਪਾਰਟੀ ਨੂੰ ਤਾਕਤ ਤੋਂ ਹਟਾਉਣ ਬਿਨਾਂ ਨਹੀਂ ਖਤਮ ਕੀਤਾ ਜਾ ਸਕਦਾ।

੦ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣਾ ਖਰਚ ਏਨਾ ਵਧਾਇਆ ਹੋਇਆ ਹੈ ਕਿ ਉਹਨਾਂ ਨੂੰ ਵੱਡੇ ਸਰਮਾਏਦਾਰਾਂ ਵਲ ਵੇਖਣਾ ਪੈਂਦਾ ਹੈ। ਸਰਮਾਏਦਾਰ ਉਹਨਾਂ ਨੂੰ ਫੰਡ ਦੇਂਦੇ ਹਨ ਅਤੇ ਅਗੋਂ ਉਹਨਾਂ ਪਾਰਟੀਆਂ ਦੀਆਂ ਨੀਤੀਆਂ ਨੂੰ ਵੀ ਕੰਟਰੋਲ ਕਰਦੇ ਹਨ। ਇਹ ਅਮਲ ਰੁਕਨਾ ਚਾਹੀਦਾ ਹੈ।

੦ ਕੌਣ ਕਹਿੰਦਾ ਹੈ ਕਿ ਕਾਂਗਰਸ ਦਾ ਬਦਲ ਨਹੀਂ ਹੋ ਸਕਦਾ? ਜੇ ਕੁਝ ਬੇਈਮਾਨ ਬੰਦੇ ਇਕੱਠੇ ਹੋ ਕੇ ਇਕ ਗਰੋਹ ਬਣਾ ਸਕਦੇ ਹਨ ਤੇ ਦੇਸ਼ ਸਾਰੇ ਨੂੰ ਛਿੱਕੇ ਤੇ ਟੰਗ ਸਕਦੇ ਹਨ ਤਾਂ ਕੀ ਇਮਾਨਦਾਰ ਬੰਦੇ ਇਕੱਠੇ ਨਹੀਂ ਹੋ ਸਕਦੇ? ਕੀ ਉਹ ਆਪਸ ਵਿਚ ਵੰਡੇ ਰਹਿਣਗੇ ਅਤੇ ਬੇਈਮਾਨਾਂ ਨੂੰ ਹਕੂਮਤ ਕਰਨ ਦਾ ਮੌਕਾ ਦੇਂਦੇ ਰਹਿਣਗੇ। ਇਮਾਨਦਾਰ ਲੋਕ ਭਾਵੇਂ ਕਿਸੇ ਵੀ ਥਾਂ ਜਾਂ ਕਿਸੇ ਵੀ ਅਦਾਰੇ ਵਿਚ ਹਨ, ਉਹਨਾਂ ਨੂੰ ਇਹ ਗੱਲ ਬੜੀ ਸੰਜੀਦਗੀ ਨਾਲ ਲੈਣੀ ਚਾਹੀਦੀ ਹੈ।

੦ ਪੰਜਾਬ ਬਾਰੇ ਜਦੋਂ ਰਾਜੀਵ ਕਹਿੰਦਾ ਹੈ ਕਿ ਲੋਕਾਂ ਨੂੰ ਅਤਿਵਾਦ ਵਿਰੁੱਧ ਉਠਨਾ ਚਾਹੀਦਾ ਹੈ ਤਾਂ ਉਹ ਇਹ ਗੱਲ ਸ਼ੀਸ਼ੇ ਦੇ ਮਕਾਨ ਵਿਚ ਬੈਠ ਕੇ ਕਹਿੰਦਾ ਹੈ, ਜਿਸ ਮਕਾਨ ਦੇ ਆਲੇ ਦੁਆਲੇ ਹਜ਼ਾਰਾਂ ਪੁਲਸ ਅਤੇ ਫੌਜ ਦੇ ਜਵਾਨਾਂ ਦਾ ਪਹਿਰਾ ਹੈ। ਲੋਕਾਂ ਦੇ ਮਸਲੇ ਸੰਗੀਨਾਂ ਨਾਲ ਨਹੀਂ ਹਲ ਹੋ ਸਕਦੇ। ਉਹ ਸਿਆਸੀ ਪਹਿਲ ਕਦਮੀ ਅਤੇ ਗਲਬਾਤ ਨਾਲ ਹੀ ਹਲ ਹੋ ਸਕਦੇ ਹਨ।

੦ ਰਾਜੀਵ ਇਕ ਸਿਰੇ ਦਾ ਬੇਈਮਾਨ ਸਿਆਸਤ-ਦਾਨ ਹੈ। ਆਪਣੇ ਹਿੱਤਾਂ ਲਈ ਉਹ ਹਰ ਵੱਡਾ ਝੂਠ ਬੋਲ ਸਕਦਾ ਹੈ। ਤ੍ਰਿਪੁਰਾ ਦੀਆਂ ਚੋਣਾਂ ਵੇਲ ਜਿਸ ਤਰੀਕੇ ਨਾਲ ਪਹਿਲੇ ਗੜਬੜ ਕਰਵਾਕੇ, ਤੇ ਫੇਰ ਸਾਰੇ ਤ੍ਰਿਪੁਰਾ ਨੂੰ ਗੜਬੜ ਦਾ ਇਲਾਕਾ ਕਰਾਰ ਦੇ ਕੇ ਚੋਣਾਂ ਜਿਤੀਆਂ ਗਈਆਂ ਹਨ, ਇਹ ਦਸਦਾ ਹੈ ਕਿ ਭਾਰਤ ਦੀ ਜਮਹੂਰੀਅਤ ਲਈ ਇਕ ਵੱਡਾ ਖਤਰਾ ਹੋਂਦ ਵਿਚ ਆ ਗਿਆ ਹੈ। ਇਹਦਾ ਅਗਲਾ ਕਦਮ ਫਾਸ਼ੀ ਤਾਨਾਸ਼ਾਹੀ ਤੋਂ ਸਿਵਾ ਹੋਰ ਕੋਈ ਨਹੀਂ ਹੋ ਸਕਦਾ।

੦ ਰਾਜ ਸਭਾ ਵਿਚ ਜਿਸ ਤਰ੍ਹਾਂ ਭਾਰਤ ਦੇ ਉਪਰਾਸ਼ਟਰਪਤੀ ਨੂੰ ਅਸਤੀਫੇ ਦੀ ਧਮਕੀ ਦੇਣੀ ਪਈ ਹੈ, ਇਹ ਦਸਦਾ ਹੈ ਕਿ ਹਕੂਮਤੀ ਪਾਰਟੀ ਦਾ ਜਮਹੂਰੀ ਰਵਾਇਤਾਂ ਨਾਲ ਕੋਈ ਸਰੋਕਾਰ ਨਹੀਂ।

੦ ਭਾਰਤ ਵਿਚ ਜਿਥੇ ਗੈਰ ਕਾਂਗਰਸੀ ਹਕੂਮਤਾਂ ਹਨ, ਉਥੇ ਹੰਢੇ ਹੋਏ ਕਾਂਗਰਸੀਆਂ ਨੂੰ ਗਵਰ-ਨਰ ਬਣਾ ਕੇ, ਰਾਜੀਵ ਨੂੰ ਪੂਰੀ ਤਰ੍ਹਾਂ, ਤਾਨਾਸ਼ਾਹੀ ਵਲ ਕਦਮ ਚੁੱਕ ਰਿਹਾ ਹੈ।

੦ ਭੋਪਾਲ ਵਿਚ ਜਿਸ ਤਰ੍ਹਾਂ ਉਹਨੇ ਦੇਸ਼ ਭਰਦੇ ਡਿਪਟੀ ਕਮਿਸ਼ਨਰਾਂ ਨੂੰ ਇਕ ਸੰਮੇਲਨ ਵਿਚ ਇਕੱਠਾ ਕਰਕੇ ਭਾਸ਼ਨ ਝਾੜਿਆ ਹੈ। ਉਹ ਸੂਬਾਈ ਹਕੂਮਤਾਂ ਲਈ ਇਕ ਚਣੌਤੀ ਹੈ। ਇਹ ਕਰਕੇ ਉਹ ਸਾਬਤ ਕਰਨਾ ਚਾਹੁੰਦਾ ਸੀ ਕਿ ਅਸਲੀ ਹਕੂਮਤ ਕੇਂਦਰ ਦੀ ਹੈ। ਲੋਕਾਂ ਨੂੰ ਵੀ ਇਹ ਵਾਰਨਿੰਗ ਹੈ ਕਿ ਜੇਕਰ ਤੁਸੀਂ ਗੈਰ ਕਾਂਗਰਸੀ ਹਕੂਮਤਾਂ ਆਪਣੇ ਸੂਬਿਆਂ ਵਿਚ ਬਣਾਓਗੇ ਤਾਂ ਫੇਰ ਕੇਂਦਰ ਕੋਲੋਂ ਕੋਈ ਉਮੀਦ ਨਾਂ ਰਖੋ ਕਿ ਉਹ ਤੁਹਾਡੀਆਂ ਤਕਲੀਫਾਂ ਵਿਚ ਤੁਹਾਡੀ ਸਹਾਇਤਾ ਕਰੇਗਾ।

੦ 1984 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਇਹੋ ਜਿਹੀ ਬਹੁਮਤ ਪ੍ਰਾਪਤ ਹੋਈ, ਜਿਹੋ ਜਿਹੀ ਜਵਾਹਰ ਲਾਲ ਵੇਲੇ ਵੀ ਕਦੀ ਹਾਸਲ ਨਹੀਂ ਹੋਈ ਸੀ ਪਰ ਫੇਰ ਵੀ ਕੁਝ ਚਿਰ ਬਾਅਦ ਹੀ ਇਸ ਪਾਰਟੀ

ਦੀ ਇਹ ਹਾਲਤ ਹੋ ਗਈ ਹੈ ਕਿ ਤੇਈਵੀਂ ਵਾਰ ਰਾਜੀਵ ਨੂੰ ਆਪਣੇ ਮੰਤਰੀ ਮੰਡਲ ਵਿਚ ਤਬਦੀਲੀਆਂ ਕਰਨੀਆਂ ਪੈ ਰਹੀਆਂ ਹਨ। ਹਾਲਤ ਹੁਣ ਇਹ ਪੁਜ ਗਈ ਹੈ ਕਿ ਮੁੱਖ ਮੰਤਰੀ ਅੱਧੀ ਰਾਤ ਵੇਲੇ ਬਦਲਾਏ ਜਾਂਦੇ ਹਨ। ਪੁਰਾਣਿਆਂ ਨੂੰ ਲਾਹਿਆ ਜਾਂਦਾ ਹੈ ਅਤੇ ਨਵਿਆਂ ਨੂੰ ਥਾਪਿਆ ਜਾਂਦਾ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਧੀ ਰਾਤ ਵੇਲੇ ਸਿਰਫ ਚੋਰ ਚਹਿਣੀਅਤ ਵਲੇ ਲੋਕ ਹੀ ਕੰਮ ਕਰਦੇ ਹਨ।

o ਆਓ ਇਸ ਭ੍ਰਿਸ਼ਟ ਸਿਸਟੈਮ ਨੂੰ, ਇਸ ਭ੍ਰਿਸ਼ਟ ਪ੍ਰਧਾਨ ਮੰਤਰੀ ਨੂੰ 'ਬਦਲਣ' ਵਾਸਤੇ ਸਾਰੇ ਇਕੱਠੇ ਹੋਈਏ।

ਵੀ. ਪੀ. ਸਿੰਘ ਦੇ ਵਿਚਾਰਾਂ ਨੂੰ ਜੀ ਆਇਆ ਆਖਣਾ ਚਾਹੀਦਾ ਹੈ।

**o ਗਿਆਨੀ ਜ਼ੈਲ ਸਿੰਘ ਹਾਲੇ ਵੀ ਸੱਚ ਨਹੀਂ ਬੋਲਣਾ ਚਾਹੁੰਦਾ।**

ਗਿਆਨੀ ਜ਼ੈਲ ਸਿੰਘ ਆਪਣੀ ਸਾਰੀ ਸਿਆਸੀ ਜ਼ਿੰਦਗੀ ਵਿਚ ਇਕ ਝਾੜੂ ਬਰਦਾਰ ਕਿਸਮ ਦਾ ਸਿਆਸਤਦਾਨ ਰਿਹਾ ਹੈ। ਪਹਿਲੇ ਪੰਜਾਬ ਦੇ ਮੁਖ ਮੰਤਰੀ ਦੇ ਤੌਰ ਤੇ, ਫੇਰ ਭਾਰਤ ਦੇ ਗ੍ਰਹਿ ਮੰਤਰੀ ਦੇ ਤੌਰ ਤੇ ਫੇਰ ਭਾਰਤ ਦੇ ਪ੍ਰਧਾਨ ਦੇ ਤੌਰ ਤੇ ਜਿਹੜਾ ਇਸ ਸ਼ਖ਼ਸੀਅਤ ਨੇ ਪੰਜਾਬ ਨੂੰ ਨੁਕਸਾਨ ਪੁਚਾਇਆ ਹੈ, ਉਹ ਇਤਹਾਸ ਵਿਚ ਹਮੇਸ਼ਾਂ ਕਾਲੇ ਹਰਫਾਂ ਵਿਚ ਲਿਖਿਆ ਜਾਏਗਾ। ਆਪਣੀ ਪ੍ਰਧਾਨਗੀ ਦੇ ਪਿਛਲੇ ਪੰਜ ਛੇ ਮਹੀਨਿਆਂ ਵਿਚ ਇਹਨੇ ਆਪਣੀ ਤਸਵੀਰ ਲੋਕਾਂ ਅਗੇ ਸੁਧਾਰਨ ਦੀ ਇਕ ਨਾਕਾਮ ਕੋਸ਼ਿਸ਼ ਕੀਤੀ। ਡਰਾਮਾ ਰੱਚਦਾ ਰਿਹਾ ਕਿ ਰਾਜੀਵ ਦੀਆਂ ਨੀਤੀਆਂ ਨੂੰ ਉਹ ਪ੍ਰਵਾਨਗੀ ਨਹੀਂ ਦੇਂਦਾ। ਰਾਜੀਵ ਦੇ ਵਿਰੁਧ ਕੀਤਾ ਕੁਝ ਨਹੀਂ, ਕਿਉਂਕਿ ਵਿਚੋਂ ਡਰਦਾ ਸੀ ਜੇਕਰ ਕੁਝ ਕੀਤਾ ਤਾਂ ਕਿਧਰੇ ਪੈਨਸ਼ਨ ਹੀ ਨਾਂ ਬੰਦ ਹੋ ਜਾਵੇ। ਹੁਣ ਇਹ ਸ੍ਰੀ ਮਾਨ ਜੀ ਕੋਈ ਕਿਤਾਬ ਲਿਖ ਰਹੇ ਨੇ। ਆਪਣੇ ਜ਼ਿੰਦਗੀ ਦੇ ਤਜਰਬੇ। ਕਿਧਰੇ ਕਿਧਰੇ ਇਹ ਅਖਬਾਰਾਂ ਨੂੰ ਇੰਟਰਵੀਊ ਹੀ ਦੇ ਦੇਂਦੇ ਹਨ ਕਿ ਮੈਂ ਇਹ ਕਰਨ ਲੱਗਾ ਸੀ, ਉਹ ਕਰਨ ਲੱਗਾ ਸੀ ਪਰ ਫੇਰ ਮੈਂ ਰੁੱਕ ਗਿਆ। ਮੈਂ ਕਾਂਗਰਸ ਪਾਰਟੀ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ ਸੀ ਕਿਉਂਕਿ ਉਹ ਮਹਾਤਮਾ ਗਾਂਧੀ ਦੀ ਬਣਾਈ ਹੋਈ ਪਾਰਟੀ ਹੈ। ਮੈਂ ਆਪਣੀ ਜ਼ਮੀਰ ਦੀ ਆਵਾਜ਼ ਨਹੀਂ ਸੁਣੀ ਕਿਉਂਕਿ ਮੈਂ ਪ੍ਰਧਾਨ ਬਣਨ ਵੇਲੇ ਕੋਈ ਸੌਂਹ ਚੁੱਕੀ ਸੀ। ਮੈਂ ਰਾਜੀਵ ਵਿਰੁਧ ਕੁਝ ਨਹੀਂ ਕਰਨਾ ਚਾਹੁੰਦਾ ਸਾਂ, ਕਿਉਂਕਿ ਰਾਜੀਵ ਦੀ ਮਾਂ ਦਾ ਇਹਿਸਾਨ ਨਹੀਂ ਭੁਲ ਸਕਦਾ ਸਾਂ। ਇਹ ਬੇਜ਼ਮੀਰਾ ਜਿਹਾ ਬੰਦਾ ਪੜ੍ਹਾ ਨਹੀਂ ਕੋਈ ਕਿਤਾਬ ਲਿਖਕੇ ਕਿਹੜੇ ਸਾਹਿਤ ਵਿਚ ਵਾਧਾ ਕਰਨਾ ਚਾਹੁੰਦਾ ਹੈ ?

**o ਕੀ ਭਾਰਤੀ ਸਟੇਟ ਫਾਸ਼ੀਵਾਦ ਵਲ ਵੱਧ ਰਹੀ ਹੈ ?**

ਸਮਤਾ ਦੇ ਇਸ ਅੰਕ ਵਿਚ ਉਤਲੇ ਵਿਸ਼ੇ ਤੇ ਸਾਥੀ ਅਜਮੇਰ ਸਿੰਘ ਦਾ ਇਕ ਲੇਖ ਦੇ ਰਹੇ ਹਾਂ। ਇਹ ਲੇਖ ਵਾਦ ਵਿਵਾਦ ਲਈ ਹੈ। ਬਹੁਤ ਸਾਰੇ ਨੁੱਕਤੇ ਜੋ ਇਸ ਲੇਖ ਵਿਚ ਉਠਾਏ ਗਏ ਹਨ, ਉਹਨਾਂ ਉਤੇ ਸਹਿਮਤ ਹੁੰਦੇ ਹੋਏ ਵੀ ਹੇਠ ਲਿਖੇ ਸਵਾਲ ਜੋ ਮੇਰੇ ਮਨ ਵਿਚ ਆਏ ਹਨ, ਉਹ ਮੈਂ ਸਮਤਾ ਦੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ—

(1) ਲੇਖ ਵਿਚ ਸਟੇਟ ਦੇ ਫਾਸ਼ੀ ਰੁਝਾਣਾ ਬਾਰੇ ਤਾਂ ਜ਼ਿਕਰ ਆਇਆ ਹੈ ਪਰ ਮੇਰੇ ਖਿਆਲ ਵਿਚ ਭਾਰਤ ਦੀਆਂ ਜੋ ਜਮਹੂਰੀ ਰਵਾਇਤਾਂ ਹਨ, ਉਹਨਾਂ ਨੂੰ ਬਿਲਕੁਲ ਅਸਲੋਂ ਅੰਦਾਜ਼ ਕੀਤਾ ਗਿਆ ਹੈ। ਇਹ ਠੀਕ ਹੈ ਕਿ ਹਿੰਦੀ ਬੋਲਦੇ ਇਲਾਕਿਆਂ ਵਿਚ ਕਾਂਗਰਸ ਹਿੰਦੂ ਸ਼ਾਵਨਵਾਦ ਨੂੰ ਸ਼ਹਿ ਦੇ ਕੇ ਫਾਸ਼ੀ ਰੁਝਾਨ ਕਾਇਮ ਕਰੇਗੀ, ਪਰ ਹਿੰਦੀ ਬੋਲਦਾ ਇਲਾਕਾ ਹੀ ਸਾਰਾ ਭਾਰਤ ਨਹੀਂ। ਕੇਰਲਾ, ਬੰਗਾਲ, ਮਹਾਰਾਸ਼ਟਰ, ਕਰਨਾਟਕ, ਆਂਧਰਾ, ਤਾਮਿਲਨਾਡੂ ਦੇ ਇਲਾਕਿਆਂ ਵਿਚ ਵੀ ਹਿੰਦੂ ਰਹਿੰਦੇ ਹਨ। ਕੀ ਉਹ ਸਾਰੇ ਹਿੰਦੂ ਸ਼ਾਵਨਵਾਦ ਨੂੰ ਇਸੇ ਤਰ੍ਹਾਂ ਵਧਣ ਦੇਣਗੇ। ਕੀ ਉਹ Resistance ਦੀਆਂ ਸ਼ਕਤੀਆਂ ਵਿਚ ਨਹੀਂ ਆਂਦੇ ? ਕੀ Resistance ਦੀਆਂ ਸ਼ਕਤੀਆਂ ਸਿਰਫ ਘੱਟ ਗਿਣਤੀਆਂ ਦੇ ਲੋਕ ਹੀ ਹਨ ? ਕੀ ਅਸੀਂ ਘੱਟ ਗਿਣਤੀਆਂ ਦੇ ਸ਼ਾਵਨਵਾਦ ਅਤੇ ਪੁਨਰਵਾਦ ਨੂੰ ਨਜ਼ਰ ਅੰਦਾਜ਼ ਕਰ ਸਕਦੇ ਹਾਂ ? ਕੀ ਘੱਟ ਗਿਣਤੀਆਂ ਦਾ ਸ਼ਾਵਨਵਾਦ ਹਿੰਦੂ ਸ਼ਾਵਨਵਾਦ ਨੂੰ ਵਧਾਉਣ ਵਿਚ ਸਹਾਈ ਨਹੀਂ ਹੋਵੇਗਾ ?

ਮੇਰੇ ਵਿਚਾਰ ਵਿਚ ਹਿੰਦੂ ਸ਼ਾਵਨਵਾਦ, ਜੋ ਬਾਅਦ ਵਿਚ ਫਾਸ਼ੀਵਾਦ ਵਿਚ ਬਦਲ ਸਕਦਾ ਹੈ, ਉਹਦੇ ਵਿਰਧ ਲੜਣ ਦੀ ਜੋ ਵੀ ਯੁੱਧ ਨੀਤੀ ਬਣਾਈ ਜਾਏ, ਉਸ ਵਿਚ ਇਹਨਾਂ ਗੱਲਾਂ ਦਾ ਧਿਆਨ ਰਖੱਣਾ ਜ਼ਰੂਰੀ ਹੈ। ਘੱਟ ਗਿਣਤੀ ਦੀਆਂ ਕੌਮੀਅਤਾਂ ਜੋ ਆਪਣੀ ਪਹਿਚਾਣ ਕਾਇਮ ਰੱਖਣ ਲਈ, ਆਪਣੇ ਸਭਿਆਚਾਰ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀਆਂ ਹਨ ਤਾਂ ਕਮਿਊਨਿਸਟ ਇਨਕਲਾਬੀ ਉਸ ਸੰਘਰਸ਼ ਦੇ ਅਗਵਾਉ ਦਸਤੇ ਹੋ ਸਕਦੇ ਹਨ। ਪਰ ਇਹੀ ਸੰਘਰਸ਼ ਜੇਕਰ ਜਨੂੰਨਵਾਦ ਦੇ ਨਾਂ ਤੇ ਲੜਿਆ ਜਾਏ ਤਾਂ ਹਰ ਹਾਲਤ ਵਿਚ ਇਹਦੀ ਵਿਰੋਧਤਾ ਹੋਣੀ ਚਾਹੀਦੀ ਹੈ। ਕਿਉਂਕਿ ਇਹੋ ਜਿਹਾ ਸੰਘਰਸ਼ ਫੈਲਸਫੇ ਦੇ ਸੰਦਰਭ ਵਿਚ ਫਾਸ਼ੀ ਰੁਚੀਆਂ ਰਖਦਾ ਹੈ, ਜਿਥੇ ਦੂਜਿਆਂ ਦੀ ਆਵਾਜ਼ ਗੋਲੀਆਂ ਨਾਲ ਬੰਦ ਕੀਤੀ ਜਾਂਦੀ ਹੈ।

/ਗੁਰਸ਼ਰਨ ਸਿੰਘ

## ਸੰਖੇਪ ਟਿਪਣੀਆਂ

੦ ਜਦੋਂ ਕੋਈ ਗੁੰਡਾ ਗਰੋਹ ਕੰਮ ਕਰਦਾ ਹੈ, ਤਾਂ ਉਹਦੇ ਕੰਮ ਕਰਨ ਦਾ ਇਕ ਮਿਥਿਆ ਹੋਇਆ ਤਰੀਕਾ ਹੁੰਦਾ ਹੈ ਕਿ ਇਕ ਬੌਸ ਕਿਸਮ ਦਾ ਬੰਦਾ ਪਿਛੇ ਖਲੋ ਕੇ ਇਸ਼ਾਰਾ ਕਰਦਾ ਹੈ ਤੇ ਗੁਮਾਸ਼ਤੇ ਸ਼ਿਕਾਰ ਤੇ ਹਮਲਾ ਕਰਦੇ ਹਨ। ਰਾਜੀਵ ਗਾਂਧੀ ਦੇ ਕਾਂਗਰਸੀ ਗੁੰਡੇ ਗਰੋਹ ਨੇ ਰਾਜ ਸਭਾ ਵਿਚ ਬਿਲਕੁਲ ਇਹ ਦਾਓ ਪੇਚ ਅਪ-ਣਾਇਆ ਹੈ। ਹਮਲਾ ਜਿਸ ਉਤੇ ਸੇਧਿਆ ਗਿਆ ਉਹ ਭਾਰਤ ਦਾ ਉਪ ਰਾਸ਼ਟਰਪਤੀ ਹੈ, ਜੋ ਆਪਣੀ ਪਦਵੀ ਕਰਕੇ ਰਾਜ ਸਭਾ ਦਾ ਚੇਅਰਮੈਨ ਵੀ ਹੁੰਦਾ ਹੈ, ਉਹ ਡਾਕਟਰ ਐਸ. ਡੀ. ਸ਼ਰਮਾ ਸੀ। ਗੁਮਾਸ਼ਤੇ ਭਜਨ ਲਾਲ, ਰਾਜੇਸ਼ ਪਾਇਲਟ ਅਤੇ ਸਾਲਵੇ ਸਨ। ਬੌਸ ਬਾਰੇ ਅਨੁ-ਮਾਨ ਲਗਾਉਣ ਦੀ ਲੋੜ ਨਹੀਂ। ਉਹ ਰਾਜੀਵ ਗਾਂਧੀ ਦੇ ਸਿਵਾ ਹੋਰ ਕੌਣ ਹੋ ਸਕਦਾ ਸੀ ?

੦ ਇਕ ਖਬਰ ਅਨੁਸਾਰ ਅਫਗਾਨਸਤਾਨ ਵਿਚੋਂ ਰੂਸ ਦੀਆਂ ਫੌਜਾਂ ਬਾਹਰ ਕਢਵਾਉਣ ਵਿਚ ਰਾਜੀਵ ਗਾਂਧੀ ਨੇ ਬੜਾ ਯੋਗਦਾਨ ਪਾਇਆ ਹੈ। ਇਕ ਕਾਰਟੂਨ ਵਾਲੇ ਨੇ ਇਸ ਬਾਰੇ ਕਾਰਟੂਨ ਬਣਾਉਂਦਿਆਂ ਹੋਇਆਂ ਰਾਜੀਵ ਗਾਂਧੀ ਕੋਲੋਂ ਪੁਛਿਆ ਹੈ ਕਿ ਉਹ ਲੰਕਾ ਵਿਚੋਂ ਭਾਰਤੀ ਫੌਜਾਂ ਕਢਵਾਉਣ ਵਿਚ ਕਦੋਂ ਯੋਗਦਾਨ ਪਾਉਣਗੇ ?

**ਅਸੀਂ ਮੰਗ ਕਰਦੇ ਹਾਂ**

੦ ਹਰ ਇਕ ਪਿੰਡ ਲਈ ਸੜਕ, ਬਿਜਲੀ ਅਤੇ ਪਾਣੀ ਦੀ ਸਹੂਲਤ। ਨਵੇਂ ਸ਼ਹਿਰਾਂ ਦੇ ਵਿਕਾਸ ਤੋਂ ਪਹਿਲਾਂ ਹਰ ਇਕ ਪਿੰਡ ਪਹਿਲੋਂ ਇਹ ਸਹੂਲਤ ਪੁਚਾਈ ਜਾਏ।

੦ ਸਾਰੇ ਕਾਲੇ ਕਾਨੂੰਨਾਂ ਦੀ ਵਾਪਸੀ ਹੋਵੇ ਭਾਵੇਂ ਕਿਸੇ ਹੀ ਸਰਕਾਰ ਵਲੋਂ ਲਗਾਏ ਗਏ ਹਨ।

੦ ਸਨਅਤੀ ਵਿਕਾਸ ਮੁਨਾਫੇ ਲਈ ਨਹੀਂ ਸਗੋਂ ਹਰ ਇਕ ਨੂੰ ਨੌਕਰੀ ਦੇਣੀ ਹੈ ਦੇ ਨਿਸ਼ਾਨੇ ਨਾਲ ਕੀਤਾ ਜਾਏ।

੦ ਬਾਹਰਲੇ ਦੇਸ਼ਾਂ ਤੋਂ ਸਰਮਾਇਆ ਅਤੇ ਟੈਕ-ਨੌਲਜੀ ਦੇਸ਼ ਦੇ ਸਾਧਾਰਨ ਲੋਕਾਂ ਦੀਆਂ ਜ਼ਰੂਰਤਾਂ ਅਨੁ-ਸਾਰ ਲਿਆਇਆ ਜਾਏ ਨਾ ਕਿ ਵਡੇ ਸਰਮਾਏਦਾਰਾਂ ਦੀ ਭਾਈਵਾਲੀ ਪਾ ਕੇ ਬਾਹਰਲੇ ਦੇਸ਼ਾ ਦੇ ਸਰਮਾਏਦਾਰਾਂ ਨੂੰ ਲੁੱਟ ਦੀ ਇਜਾਜ਼ਤ ਦਿਤੀ ਜਾਏ ਲੁੱਟ ਦੀ ਇਜਾਜ਼ਤ ਦਿਤੀ ਜਾਏ।

੦ ਸੋਕਾ ਰਾਹਤ ਲਈ ਕਦਮ ਚੁੱਕੇ ਜਾਣ ਤੇ ਜ਼ਮੀਨੀ ਸੁਧਾਰ ਇਸ ਤਰ੍ਹਾਂ ਕੀਤੇ ਜਾਣ ਕਿ ਕੁਦਰਤੀ ਆਫਤਾਂ ਦਾ ਮੁਕਾਬਲਾ ਕਿਸਾਨ ਆਪ ਕਰਨ ਦੇ ਯੋਗ ਹੋਣ। ਖੇਤ ਮਜ਼ਦੂਰਾਂ ਨੂੰ ਹਰ ਹਾਲਤ ਵਿਚ ਘੱਟ ਤੋਂ ਘੱਟ ਉਜਾਰਤ ਮਿਲੇ।

੦ ਚੋਣ ਸਿਸਟਮ ਵਿਚ ਸੁਧਾਰ ਕੀਤਾ ਜਾਏ ਤਾਂ ਜੋ ਕਿਸੇ ਵੀ ਹਾਲਤ ਵਿਚ ਪੈਸਾ ਅਤੇ ਬੁਰਛਾਗਰਦੀ ਚੋਣ ਨਤੀਜਿਆਂ ਉਤੇ ਅਸਰ ਨਾ ਪਾਵੇ।

0

## ਪੰਜਾਬ ਬਾਰੇ ਗਲਤ ਫ਼ਹਿਮੀ ਜਾਂ ਭੁਲੇਖੇ

ਡਾਕਟਰ ਰੌਸ਼ਨ ਲਾਲ ਅਹੂਜਾ ਸਾਡੇ ਬਹੁਤ ਵਡੇ ਲਿਖਾਰੀ ਅਤੇ ਆਲੋਚਕ ਹਨ। ਪੰਜਾਬੀ ਬੋਲੀ ਦੇ ਸੰਦਰਭ ਵਿਚ ਉਹਨਾਂ ਦੀ ਚਿਠੀ ਸਮਤਾ ਦੇ ਪਾਠਕਾਂ ਨਾਲ ਅਸੀਂ ਸਾਂਝੀ ਕਰ ਰਹੇ ਹਾਂ। ਸੰਪਾਦਕ

ਸੰਨ 1966 ਦੇ ਸਰਦੀ ਦੇ ਮੌਸਮ ਵਿਚ ਪੰਜਾਬ ਦੇਸ਼ ਦਾ ਇਕ ਵੱਖਰਾ ਸੂਬਾ ਬਣਾਇਆ ਗਿਆ ਸੀ। ਨਵੇਂ ਸਾਲ ਤਾਂ ਪੰਜਾਬੀ ਰਾਜ ਭਾਸ਼ਾ ਬਣਾਈ ਗਈ। ਪੰਜਾਬੀ ਜ਼ੋਨ ਤੋਂ ਪਹਿਲਾਂ ਬਣਾਇਆਂ ਗਿਆ ਸੀ। ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਕਰ ਦਿਤੀ ਗਈ ਸੀ। ਹਰ ਇਕ ਪੰਜਾਬੀ ਤਿੰਨ ਭਾਸ਼ਾ ਪੜ੍ਹਦਾ ਸੀ–ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ। ਹੁਣ ਮਿਡਲ ਤਕ, ਫਿਰ ਦਸਵੀਂ ਤਕ ਅਤੇ ਅਜ ਕਲ ਬੀ. ਏ. ਤਕ ਪੰਜਾਬੀ ਭਾਸ਼ਾ ਲਾਜ਼ਮੀ ਹੋ ਗਈ ਹੈ। ਜੋ ਬੱਚਾ ਪੰਜਾਬੀ ਨਹੀਂ ਪੜ੍ਹਦਾ ਤਾਂ ਉਸ ਨੂੰ ਵਡਾ ਹੋ ਕੇ ਨੌਕਰੀ ਨਹੀਂ ਮਿਲ ਸਕਦੀ। ਇਕ ਮੇਰਾ ਰਿਸ਼ਤੇ-ਦਾਰ ਦਿਲੀ ਤੋਂ ਪੰਜਾਬ ਵਿਚ ਆਉਣਾ ਤੇ ਪੜ੍ਹਨਾ ਚਾਹੁੰਦਾ ਸੀ। ਪਰ ਕੋਈ ਵੀ ਸਕੂਲ ਉਸ ਨੂੰ ਦਾਖਲਾ ਕਰਨ ਲਈ ਤਿਆਰ ਨਾ ਹੋਇਆ। ਚੰਡੀਗੜ੍ਹ ਦੇ ਸਕੂਲਾਂ ਨੇ ਵੀ ਉਸ ਨੂੰ ਦਾਖਲ ਨਾ ਕੀਤਾ। ਫਿਰ ਵੀ ਕਿਹਾ ਜਾਂਦਾ ਹੈ ਕਿ ਹਿੰਦੂ ਪੰਜਾਬੀ ਦਾ ਵਿਰੋਧ ਕਰਦੇ ਹਨ। ਇਹ ਕਹਿਣਾ ਠੀਕ ਨਹੀਂ ਹੈ। ਸਗੋਂ ਹਿੰਦੂਆਂ ਦੀ ਨਿਰਮਲ ਬਦਨਾਮੀ ਕਰਨੀ ਹੈ।

ਕਈ ਹੋਰ, ਹਿੰਦੂਆਂ ਬਾਰੇ ਇਹ ਭੁਲੇਖਾ ਪਾਉਂਦੇ ਹਨ ਕਿ ਸੰਨ 1951 ਤੇ 1961 ਵਿਚ ਹੋਈ ਮਰਦਮ ਸ਼ੁਮਾਰੀ ਵਿਚ ਹਿੰਦੂਆਂ ਨੇ ਆਪਣੀ ਭਾਸ਼ਾ ਪੰਜਾਬੀ ਨਹੀਂ ਲਿਖਵਾਈ। ਜਦ ਮਾਸਟਰ ਜੀ ਨੇ ਪੰਜਾਬ ਵਿਚ ਵਸਦੇ ਮੁਸਲਮਾਨਾਂ ਨੂੰ ਨਠਾ ਦਿਤਾ ਅਤੇ ਹਿੰਦੂਆਂ ਨੂੰ ਨਠਾਣ ਦੀ ਸੋਚਣ ਲੱਗਾ ("ਹਮਦਰਦ" ਜੀ ਦੀ ਗਵਾਹੀ) ਤਾਂ ਜੋ ਪੰਜਾਬੀ ਅੰਬਾਲੇ ਤੋਂ ਦੱਖਣ ਵਲ ਅਤੇ ਅੰਬਾਲੇ ਤੋਂ

ਪੂਰਬ ਵਲ ਭੇਜੇ ਗਏ ਸਨ ਅਤੇ ਉਥੋਂ ਆਬਾਦ ਹੋ ਗਏ ਸਨ, ਉਨ੍ਹਾਂ ਨੇ ਸਥਾਨਕ ਦਬਾ ਹੇਠ ਆ ਕੇ ਅਤੇ ਸ਼ਰਣ ਦੇਣ ਵਾਲਿਆਂ ਦੇ ਅਹਿਸਾਨ ਦੇ ਕਾਰਣ ਆਪਣੀ ਗੱਲ ਨਾ ਮਨਵਾ ਸਕੇ। ਪੰਜਾਬ ਦੀ ਧਰਤੀ ਦੇ ਲੀਡਰਾਂ ਨੇ ਉਨ੍ਹਾਂ ਨੂੰ ਪਹਿਲਾਂ ਵਿਦਾ ਕਰ ਕੇ ਪਾਨੀਪਤ, ਕਰਨਾਲ ਜਗਾਧਰੀ, ਕਰੂਖੇਤਰ ਅਤੇ ਸੋਲਣ ਭੇਜ ਦਿਤਾ ਸੀ। ਉਨ੍ਹਾਂ ਨੂੰ ਬਿਗਾਨਾ ਬਣਾ ਕੇ ਉਨ੍ਹਾਂ ਦਾ ਗਿਲਾ ਕਰਨਾ ਗਲਤ ਤੇ ਅਤਰਕ ਹੈ।

ਰ. ਲ. ਆਹੂਜਾ

0

# 1987 ਦੀ ਚੋਣਵੀਂ ਕਹਾਣੀ

ਸੰਪਾਦਕ : ਗੁਰਸ਼ਰਨ ਸਿੰਘ

ਇਸ ਕਿਤਾਬ ਵਿਚ ਸਾਲ 1987 ਵਿਚ ਆਰਸੀ, ਲੋਅ, ਸਿਰਜਨਾ, ਪ੍ਰੀਤ ਲੜੀ, ਅੰਗ ਸੰਗ, ਸਮਤਾ, ਸਿਰਨਾਵਾਂ ਅਤੇ ਸਰਦਲ ਵਿਚ ਛਪੀਆਂ ਕਹਾਣੀਆਂ ਵਿਚੋਂ ਦਸ ਚੋਣਵੀਆਂ ਕਹਾਣੀਆਂ ਇਕੱਠੀਆਂ ਕੀਤੀਆਂ ਗਈਆਂ ਹਨ :—

| | |
|---|---|
| ਲਾਮ-ਮਿੱਤਰ ਸੈਨ ਮੀਤ, | ਕਬਰਾਂ ਤੋਂ ਸਿਵਿਆਂ ਨੂੰ-ਰਘਬੀਰ ਢੰਡ |
| ਨਦੀਣ–ਰੰਜੀਤ ਰਾਹੀ | ਮੰਡੀ ਦੀ ਸਰਕਾਰ-ਮਹਿੰਦਰ ਸਿੰਘ ਦੋਸਾਂਝ |
| ਬੇਕਾਰੀ : ਇਕ ਅੰਤ - ਸੁਖਬੀਰ | ਗੰਡੋਏ–ਨ੍ਰਿਪਇੰਦਰ ਰਤਨ |
| ਕਿਸੇ ਮਿੱਠੀ ਹਵਾ ਦਾ ਬੁੱਲ੍ਹਾ—ਜਗਜੀਤ | ਸਪੈਸ਼ਲ ਕੋਰਟ—ਦਲਬੀਰ ਚੇਤਨ |
| ਟੁੱਟੇ ਤਾਰੇ—ਮੁਖਤਾਰ ਗਿਲ | ਨਾ ਮਾਰੋ—ਅਜੀਤ ਕੌਰ |

ਸਫੇ 152—ਪੇਪਰ ਬੈਕ ਕੀਮਤ 10 ਰੁਪੈ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਇਹ ਕਿਤਾਬ ਛਾਪੀ ਗਈ ਹੈ।

# 1987 ਦੀ ਪ੍ਰਤੀਨਿਧ ਕਵਿਤਾ

ਸੰਪਾਦਕ : ਗੁਰਸ਼ਰਨ ਸਿੰਘ

ਇਸ ਕਿਤਾਬ ਵਿਚ ਸਾਲ 1987 ਵਿਚ ਆਰਸੀ, ਲੋਅ, ਸਿਰਜਨਾ, ਪ੍ਰੀਤ ਲੜੀ, ਅੰਗ ਸੰਗ, ਸਮਤਾ, ਸਿਰਨਾਵਾਂ ਅਤੇ ਸਰਦਲ ਵਿਚ ਛਪੀਆਂ ਕਵਿਤਾਵਾਂ ਵਿਚੋਂ ਚੋਣਵੀਆਂ ਕਵਿਤਾਵਾਂ ਇਕੱਠੀਆਂ ਕੀਤੀਆਂ ਗਈਆਂ ਹਨ :-

ਸਫੇ 128–ਪੇਪਰ ਬੈਕ ਕੀਮਤ 10 ਰੁਪੈ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਇਹ ਕਿਤਾਬ ਛਾਪੀ ਗਈ ਹੈ।

**

# ਕਮਿਊਨਿਸਟ ਅਤੇ ਦਲਿਤ ਸੰਘਰਸ਼

– ਗੁਰਸ਼ਰਨ ਸਿੰਘ

ਸਾਨੂੰ ਡਾ: ਹਰਅੰਜਲ ਕੌਰ ਹੋਰਾਂ ਦਾ ਇਕ ਲੰਮਾ ਲੇਖ ਮਿਲਿਆ ਹੈ, ਜੋ ਉਹਨਾਂ ਵਲੋਂ ਸਮਤਾ 'ਚ ਛਪੇ ਪ੍ਰੋ. ਰਨਧੀਰ ਸਿੰਘ ਹੋਰਾਂ ਦੇ ਲੇਖ ਦੇ ਉਤਰ ਵਿਚ ਲਿਖਿਆ ਗਿਆ ਹੈ। ਇਹੋ ਲੇਖ ਰੋਜ਼ਾਨਾ ਜਨਤਕ ਲਹਿਰ ਵਿਚ ਵੀ ਕਿਸ਼ਤਵਾਰ ਛਪਿਆ ਹੈ। ਇਹ ਲੇਖ ਅਸੀਂ ਪ੍ਰੋ. ਰਨਧੀਰ ਸਿੰਘ ਹੋਰਾਂ ਦੇ ਨੋਟਿਸ ਵਿਚ ਲੈ ਆਂਦਾ ਹੈ, ਇਸਨੂੰ ਥਾਂ ਦੀ ਘਾਟ ਕਰਕੇ ਅਸੀਂ ਪੂਰੇ ਦਾ ਪੂਰਾ ਸਮਤਾ ਵਿਚ ਨਹੀਂ ਛਪ ਸਕਦੇ ਪਰ ਇਹਦੇ ਵਿਚ ਮੁਖ ਧਾਰਨਾਵਾਂ ਜੋ ਉਠਾਈਆਂ ਗਈਆਂ ਹਨ, ਉਹਨਾਂ ਦੀ ਸੰਖੇਪ ਵਿਚ ਟਿਪਣੀ ਵੀ ਜ਼ਰੂਰ ਦੇ ਰਹੇ ਹਾਂ। ਸਾਡਾ ਇਹ ਮੱਤ ਹੈ ਕਿ ਦਲਿਤ ਲੋਕਾਂ ਨੇ ਜਿਨ੍ਹਾਂ ਨੇ ਸੱਦੀਆਂ ਉੱਚ ਜ਼ਾਤੀ ਵਾਲਿਆਂ ਦਾ ਮੈਲਾ ਸਿਰਾਂ ਤੇ ਢੋਇਆ ਹੈ ਤੇ ਹਰ ਕਿਸਮ ਦੀ ਜ਼ਿਲਤ ਸਹੀ ਹੈ, ਉਹ ਆਪਣੀ ਮੁਕਤੀ ਲਈ ਸੰਘਰਸ਼ ਦੇ ਮੈਦਾਨ ਵਿਚ ਬੜੀ ਸ਼ਿਦਤ ਨਾਲ ਅਗੇ ਆਏ ਹਨ ਤਾਂ ਇਹ ਇਕ ਬੜੀ ਸੁਭਾਗੀ ਗੱਲ ਹੈ। ਸਮੁੱਚੀ ਮਨੁੱਖ ਜਾਤੀ ਦੁਨੀਆਂ ਦੇ ਵੱਖ ਵੱਖ ਹਿਸਿਆਂ ਵਿਚ ਆਪਣੀ ਮੁਕਤੀ ਲਈ ਜੋ ਸੰਘਰਸ਼ ਲੜ ਰਹੀ ਹੈ, ਇਹ ਸੰਘਰਸ਼ ਉਸੇ ਸੰਘਰਸ਼ ਦਾ ਹਿੱਸਾ ਹੈ। ਪਰ ਜਿਹੜੇ ਲੋਕ ਇਹ ਸੰਘਰਸ਼ ਲੜ ਰਹੇ ਹਨ, ਉਹਨਾਂ ਨੂੰ ਦੋਸਤ ਅਤੇ ਦੁਸ਼ਮਣ ਦੀ ਪਹਿਚਾਣ ਹੋਣੀ ਜ਼ਰੂਰੀ ਹੈ। ਡਾ. ਹਰਅੰਜਲ ਕੌਰ ਹੋਰਾਂ ਦੀ ਸਾਰੀ ਪਹੁੰਚ 'ਦਲਿਤ ਸ਼ਾਵਨਵਾਦ' ਨਾਲ ਰੰਗੀ ਹੋਈ ਹੈ। ਉਹ ਦੱਬੇ ਕੁਚਲੇ ਲੋਕਾਂ ਦੀ ਮੁੱਕਤੀ ਚਾਹੁੰਦੇ ਹਨ ਪਰ ਇਹਦਾ ਇਹ ਮਤਲਬ ਨਹੀਂ ਕਿ ਮੁੱਕਤੀ ਦੀ ਲੜਾਈ ਦੀ ਸਿਰਫ ਉਹਨਾਂ ਦੀ ਹੀ ਅਜਾਰੇਦਾਰੀ ਹੈ ਅਤੇ ਜੇ ਕੋਈ ਹੋਰ ਆਪਣੀ ਸੋਚ ਅਨੁਸਾਰ ਲੜ ਰਿਹਾ ਹੈ, ਉਹ ਸਿਰਫ ਝੱਖ ਹੀ ਮਾਰ ਰਿਹਾ ਹੈ। ਸੰਸਾਰ ਵਿਚ ਅਤੇ ਇਹਦੇ ਨਾਲ ਭਾਰਤ ਵਿਚ ਪੈਦਾਵਾਰੀ ਸਾਧਨਾਂ ਅਤੇ ਆਰਥਕ ਖੇਤਰ ਵਿਚ ਕੀ ਤਬਦੀਲੀਆਂ ਆ ਰਹੀਆਂ ਹਨ, ਜਿਨ੍ਹਾਂ ਕਰਕੇ ਸਮਾਜ ਦੇ ਵੱਖ ਵੱਖ ਵਰਗਾਂ ਦੇ ਆਪਸੀ ਰਿਸ਼ਤੇ ਬਦਲ ਰਹੇ ਹਨ ਸੰਘਰਸ਼ਾਂ ਦੇ ਨਵੇਂ ਨਵੇਂ ਰੂਪ ਸਾਹਮਣੇ ਆ ਰਹੇ ਹਨ, ਉਹਨਾਂ ਦਾ ਇਸਦੇ ਨਾਲ ਕੋਈ ਸਰੋਕਾਰ ਨਹੀਂ ਲਗਦਾ। ਉਹ ਮਸਲੇ ਦੀ ਜੜ੍ਹ ਇਕੋ ਸਮਝਦੇ ਹਨ ਤੇ ਉਹ ਹੈ 'ਬ੍ਰਾਹਮਣਵਾਦ' ਤੇ ਬ੍ਰਾਹਮਣ ਭਾਵੇਂ ਨੰਮੂਦਰੀਪਾਦ ਹੈ ਤੇ ਭਾਵੇਂ ਕੋਈ ਕਸ਼ਮੀਰੀ ਪਾਂਡਾ, ਉਹ ਸਭ ਇਕੋ ਰੱਸੇ ਬੰਨਣ ਯੋਗ ਹਨ। ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ 'ਬ੍ਰਾਹਮਣਵਾਦ' ਆਪਣੇ ਆਪ ਵਿਚ ਇਕ ਗਲਤ ਸ਼ਬਦਾਵਲੀ ਹੈ। ਇਹਨੂੰ 'ਮਨੂੰਵਾਦ' ਕਹਿਣਾ ਉਚਿਤ ਹੋਵੇਗਾ, ਜਿਸਨੇ ਵਰਗਾਂ ਅਤੇ ਜ਼ਾਤਾਂ ਨੂੰ ਜਨਮ ਦਿਤਾ ਹੈ। ਉਂਝ ਮੈਂ ਇਹ ਸਮਝਦਾਂ ਹਾਂ ਕਿ ਇਹ ਸ਼ਬਦ ਦਲਿਤ ਸ਼ਾਵਨਵਾਦੀਆਂ ਵਲੋਂ ਜਾਣ ਬੁਝ ਕੇ ਵਰਤਿਆ ਜਾ ਰਿਹਾ ਏ ਕਿਉਂਕਿ ਉਹਨਾਂ ਦਾ ਚੋਟ ਨਿਸ਼ਾਨਾ ਭਾਰਤ ਵਿਚ ਜਾਤ ਪਾਤ ਖਤਮ ਕਰਨਾ ਨਹੀਂ, ਸਿਰਫ ਬ੍ਰਾਹਮਣਾਂ ਨੂੰ ਖਤਮ ਕਰਨਾ ਹੈ ਤੇ ਦਲਿਤਾਂ ਨੂੰ ਉੱਤੇ ਲਿਆਉਣਾ ਹੈ ਤੇ ਦਲਿਤ ਭਾਵੇਂ ਜਗਜੀਵਨ ਰਾਮ ਵਰਗੇ ਹੀ ਹੋਣ ਉਹ ਸਹੀ ਹੀ ਹੋਣਗੇ। ਕਮਿਊਨਿਸਟ ਕਿਉਂਕਿ ਦਲਿਤ ਸੰਘਰਸ਼ ਦੇ ਇਸ ਨਾਲ ਸਹਿਮਤ ਨਹੀਂ ਇਸ ਲਈ ਡਾ. ਹਰਅੰਜਲ ਕੌਰ ਦਾ ਵੀ ਅਤੇ ਹੋਰ ਦਲਿਤ ਵਰਗ ਦੇ ਆਗੂਆਂ ਦਾ ਸਾਰਾ ਤੋੜਾ ਕਮਿਊਨਿਸਟਾਂ ਉਤੇ ਹੀ ਝੜਦਾ ਹੈ। ਲੇਖਾਂ ਦੇ ਲੇਖ ਕਮਿਊਨਿਸਟਾਂ ਨੂੰ ਮੇਹਣੇ ਮਾਰਦੇ ਲਿਖੇ ਜਾ ਰਹੇ ਹਨ, ਜਿਸ ਤਰ੍ਹਾਂ ਕਿ ਭਾਰਤ ਵਿਚ ਦਲਿਤਾਂ ਦੀ ਜੋ ਦੁਰਗੱਤੀ ਹੋ ਰਹੀ ਹੈ, ਉਹਦੇ ਜ਼ਿਮੇਵਾਰ ਕਮਿਊਨਿਸਟ ਹੀ ਹਨ। ਦਲਿਤਾਂ ਦੇ ਵੋਟ ਬੈਂਕ ਨੂੰ ਜਿਸ ਤਰ੍ਹਾਂ ਦਲਿਤ ਵਰਗਾਂ ਦੇ ਕੁਝ ਆਗੂ ਵਿਕਾਊ ਮਾਲ ਬਣਕੇ ਆਪਣੇ ਹੀ ਵਰਗ ਦੇ ਲੋਕਾਂ ਦੇ ਹਿਤਾਂ ਨੂੰ ਲਿਤਾੜਦੇ ਹੋਏ ਅਗੇ ਵਧੇ ਹਨ, ਉਹਨਾਂ ਬਾਰੇ ਲਿਖਣ ਦਾ ਦਲਿਤ ਸਮਾਜ ਦੇ ਇਹਨਾਂ ਆਗੂਆਂ ਨੂੰ ਵਿਹਲ ਨਹੀਂ। ਨੰਮੂਦਰੀਬਾਦ ਗਲਤ ਹੈ। ਰਾਜੇਸ਼ਵਰ ਰਾਓ ਗਲਤ ਹੈ। ਨਾਗੀ ਰੈਡੀ ਗ਼ਦਾਰ ਹੈ ਕਿਉਂਕਿ ਉਹ ਸਾਰੇ ਬ੍ਰਾਹਮਣ ਹਨ (ਜਾਂ ਸਨ)। ਇਹ ਬੇਤੁੱਕਾਪਣ ਕੋਈ ਅਚਾਨਕ ਨਹੀਂ। ਇਹ ਗਲਤ ਚੋਟ ਨਿਸ਼ਾਨੇ ਦੀ ਹੀ ਦੇਣ ਹੈ। ਚੋਟ ਨਿਸ਼ਾਨਾ ਜ਼ਾਤ ਪਾਤ ਵਾਲਾ ਸਮਾਜ ਮੁਕਾਣਾ ਨਹੀਂ, ਸਗੋਂ ਬ੍ਰਾਹਮਣ ਮੁਕਾਣੇ ਹਨ। ਦਲਿਤ ਵਰਗ ਦੇ ਸੁਹਿਰਦ ਆਗੂਆਂ ਦਾ ਇਸ ਬਾਰੇ ਸੋਚਣਾ ਬਣਦਾ ਹੈ। ਮਨੂੰਵਾਦ (ਜ਼ਾਤਪਾਤਵਾਦ) ਅਤੇ ਬ੍ਰਾਹਮਣ-ਵਾਦ ਨਾ ਹੀ ਇਕੋ ਹਨ ਤੇ ਨਾ ਹੀ ਕਿਸੇ ਇਕ ਸਿੱਕੇ ਦੇ ਦੋ ਪਾਸੇ ਹਨ। ਸਮਾਜਕ ਸਾਇੰਸ ਦੀਆਂ ਇਹ ਮੁੱਢ-ਲੀਆਂ ਸਚਾਈਆਂ ਸਮਝਣੀਆਂ ਜ਼ਰੂਰੀ ਹਨ। ਬ੍ਰਹਮਣ-ਵਾਦ ਜ਼ਾਤਪਾਤਵਾਦ ਦੀ ਦੇਣ ਹੈ, ਜਿਸ ਤਰ੍ਹਾਂ ਖਤਰੀ-ਵਾਦ, ਜੱਟਵਾਦ ਵੀ ਜ਼ਾਤਪਾਤਵਾਦ ਦੀ ਦੇਣ ਹਨ। ਦਮਨ ਸਿਰਫ ਬ੍ਰਾਹਮਣ ਨਹੀਂ ਕਰਦੇ, ਵਡੇ ਖੱਤਰੀ ਵੀ ਕਰਦੇ ਹਨ ਤੇ ਵਡੇ ਜੱਟ ਵੀ ਕਰਦੇ ਹਨ। ਜੱਟਵਾਦ ਬ੍ਰਾਹਮਣਵਾਦ ਦੀ ਦੇਣ ਨਹੀਂ, ਸਗੋਂ ਜ਼ਾਤਪਾਤਵਾਦ ਦੀ ਦੇਣ ਹੈ। ਪੰਜਾਬ ਵਿਚ ਜਾਤ ਵਾਲੀ ਫੂਕ ਬ੍ਰਾਹਮਣਾਂ ਨਾਲੋਂ ਵੀ ਵੱਧ ਜੱਟਾਂ ਵਿਚ ਹੈ।

ਡਾ. ਹਰਅੰਜਲ ਕੌਰ ਦਾ ਪਹਿਲਾ ਨੁਕਤਾ ਹੈ ਕਿ

ਕੌਮੀਅਤਾਂ ਜਾਂ ਕੌਮਾਂ ਦਾ ਮਸਲਾ ਜੇਕਰ ਸੰਸਾਰ ਵਿਚ ਹੱਲ ਹੋਇਆ ਹੈ ਤਾਂ ਉਹ ਸਿਰਫ ਰੂਸ ਦੇ ਸਮਾਜ ਵਿਚ ਹੋਇਆ ਹੈ ਅਤੇ ਉਹ ਤਾਂ ਹੀ ਹੋ ਸਕਿਆ ਹੈ ਕਿਉਂਕਿ ਰੂਸ ਨੂੰ ਸਾਥੀ ਲੈਨਿਨ ਵਰਗੇ ਆਗੂ ਦੀ ਅਗਵਾਈ ਮਿਲੀ। ਸਾਥੀ ਲੈਨਿਨ ਰੂਸ ਦੀਆਂ ਛੋਟੀਆਂ ਕੌਮੀਅਤਾਂ ਦੀਆਂ ਮੰਗਾਂ ਤੇ ਉਮੰਗਾਂ ਨੂੰ ਸਮਝਦੇ ਸਨ। ਉਹ ਇਹ ਸਮਝਦੇ ਸਨ ਕਿ ਰੂਸੀ ਸਮਾਜ ਵਿਚ ਵੱਡੀ ਏਕਤਾ ਤਾਂ ਹੀ ਰਹੇਗੀ ਜੇਕਰ ਛੋਟੀਆਂ ਕੌਮੀਅਤਾਂ ਦੀਆਂ ਜ਼ਬਾਨਾਂ ਅਤੇ ਸਭਿਆਚਾਰ ਦੀ ਰਖਵਾਲੀ ਕੀਤੀ ਜਾਏਗੀ। ਡਾ. ਹਰ-ਅੰਜਲ ਕੌਰ ਹੋਰਾਂ ਦਾ ਗਿਲਾ ਹੈ ਕਿ ਭਾਰਤ ਦੇ ਕਮਿਊ-ਨਿਸਟ ਲੈਨਿਨ ਦੀ ਇਸ ਮੁੱਢਲੀ ਸੱਚਾਈ ਨੂੰ ਭੁਲ ਗਏ ਹਨ, ਇਸ ਲਈ ਉਹ ਭਾਰਤ ਵਿਚ ਵੱਖ ਵੱਖ ਕੌਮੀਅਤਾਂ ਦੀ ਆਪਣੀ ਪਹਿਚਾਣ ਨੂੰ ਕਾਇਮ ਰੱਖਣ ਦੇ ਸੰਘਰਸ਼ ਦੀ ਅਗਵਾਈ ਤਾਂ ਕੀ ਕਰਨੀ ਸੀ, ਸਗੋਂ ਉਹਦੀ ਵਿਰੋਧਤਾ ਕਰ ਰਹੇ ਹਨ। ਉਹਨਾਂ ਨੇ ਸਿੱਖਾਂ, ਗੋਰਖਿਆਂ, ਤ੍ਰੀਪੁਰਾ, ਝਾੜਖੰਡ, ਉਤਰਖੰਡ ਆਦਿਕ ਦੇ ਸੰਘਰਸ਼ਾਂ ਦੀ ਮਿਸਾਲ ਦਿਤੀ ਹੈ। ਮੈਂ ਡਾ. ਹਰਅੰਜਲ ਕੌਰ ਹੋਰਾਂ ਨੂੰ ਯਕੀਨ ਦਿਵਾਣਾ ਚਾਹੁੰਦਾ ਹਾਂ ਕਿ ਕਮਿਊਨਿਸਟ ਅਤੇ ਕਮਿਊਨਿਸਟ ਇਨਕਲਾਬੀ ਹਲਕਿਆਂ ਵਿਚ ਪਹਿਲੇ ਹੀ ਇਸ ਗਲ ਤੇ ਵਾਦਵਿਵਾਦ ਚੱਲ ਰਿਹਾ ਹੈ ਕਿ ਅਸੀਂ ਅਗਵਾਈ ਕਿਉਂ ਨਹੀਂ ਦੇ ਸਕੇ। ਇਹ ਅਗਵਾਈ ਦੇਣੀ ਬਣਦੀ ਸੀ। ਪਰ ਜੇ ਇਹ ਅਗਵਾਈ ਨਹੀਂ ਦਿੱਤੀ ਜਾ ਸਕੀ ਤੇ ਇਹਨੂੰ ਹੋਰ ਅਗਵਾਈ ਦੇ ਰਹੇ ਹਨ ਤਾਂ ਇਹਦਾ ਇਹ ਮਤਲਬ ਨਹੀਂ ਕਿ ਹੋਰਨਾਂ ਦੀ ਅਗਵਾਈ ਵਿਚ ਚੱਲ ਰਹੇ ਸੰਘਰਸ਼ਾਂ ਦੀ ਅੰਨ੍ਹੇਵਾਹ ਪੁਸ਼ਟੀ ਕੀਤੀ ਜਾਏ। ਇਹ ਵੇਖਣਾ ਪਵੇਗਾ ਕਿ ਚੱਲ ਰਹੇ ਸੰਘਰਸ਼ ਜਾਂ ਸੰਘਰਸ਼ ਨੂੰ ਚਲਾ ਰਹੇ ਆਗੂਆਂ ਦੇ ਕਿਰਦਾਰ ਜਾਂ ਚੋਟ ਨਿਸ਼ਾਨੇ ਕੀ ਹਨ? ਕੀ ਉਹਨਾਂ ਨੂੰ ਅੱਖੋਂ ਉਹਲੇ ਕਰ ਦਿਤਾ ਜਾਏ? ਸਾਨੂੰ ਵੇਖਣਾ ਪਏਗਾ ਕਿ ਸੰਘਰਸ਼ ਚਲਾ ਰਹੇ ਆਗੂਆਂ ਦਾ ਐਲਾਨੀਆ ਚੋਟ ਨਿਸ਼ਾਨਾ ਤੇ ਅਸਲ ਚੋਟ ਨਿਸ਼ਾਨਾ ਕੀ ਹੈ। ਪੰਜਾਬ ਵਿਚ ਖਾੜਕੂਆਂ ਦਾ ਜੋ ਸੰਘਰਸ਼ ਚਲ ਰਿਹਾ ਹੈ, ਉਹਦਾ ਨਿਸ਼ਾਨਾ ਪੰਜਾਬੀ ਕੌਮੀਅਤ ਦੀ ਸਰਦਾਰੀ ਕਾਇਮ ਕਰਨਾ ਨਹੀਂ ਸਗੋਂ ਇਕ ਕੱਟੜਵਾਦੀ ਧਾਰਮਕ ਸਟੇਟ (ਖਾਲਿਸਤਾਨ) ਬਨਾਉਣਾ ਹੈ। ਕੇਂਦਰ ਦੀ ਹਿੰਦੂ ਸ਼ਾਵਨਵਾਦੀ ਸਟੇਟ ਦੀ ਵਿਰੋਧਤਾ ਕਰਦੇ ਹੋਏ ਵੀ ਸੱਚੇ ਕਮਿਊਨਿਸਟਾਂ ਦਾ ਫਰਜ਼ ਹੈ ਕਿ ਆਪਣੇ ਲੋਕਾਂ ਨੂੰ ਖਾਲਿਸਤਾਨੀ ਫਾਸ਼ੀ ਗਰੋਹਾਂ ਬਾਰੇ ਖਬਰਦਾਰ ਰੱਖਣ। ਇਹਨਾਂ ਪਿਛਲੇ ਦਸ ਸਾਲਾਂ ਵਿਚ ਇਹਨਾਂ ਫਾਸ਼ੀ ਗਰੋਹਾਂ ਨੇ ਇਕ ਵੀ ਕੰਮ ਕਾਬਲੇ ਤਾਰੀਫ ਨਹੀਂ ਕੀਤਾ। ਸਿਰਫ ਆਪ ਵੀ ਮਰੇ ਹਨ ਤੇ ਲੋਕਾਂ ਨੂੰ ਵੀ ਮਾਰਿਆ ਹੈ। ਡਾ. ਹਰਅੰਜਲ ਕੌਰ ਹੋਰਾਂ ਦਾ ਪਹਿਲਾ ਗਿਲਾ ਜਾਇਜ਼ ਹੈ ਕਿ ਕਮਿਊਨਿਸਟ ਕੌਮੀਅਤਾਂ ਦੇ ਸੰਘਰਸ਼ ਵਿਚ ਅਗਵਾਈ ਨਹੀਂ ਦੇ ਸਕੇ, ਪਰ ਇਹਨਾਂ ਦੀ ਇਹ ਧਾਰਨਾ ਕਿ ਅਸੀਂ ਹੋਰਨਾਂ ਦੀ ਅਗਵਾਈ ਵਿਚ ਚੱਲ ਰਹੇ ਸੰਘਰਸ਼ਾਂ ਦੀ ਵਿਰੋਧਤਾ ਨਾ ਕਰੀਏ, ਸਹੀ ਨਹੀਂ। ਗ਼ਲਤੀਆਂ ਤੋਂ ਸਿੱਖਕੇ ਅਗਲੇ ਸੰਘਰਸ਼ਾਂ ਲਈ ਤਿਆਰੀ ਕਰਨੀ ਇਕ ਸਹੀ ਪੈਂਤੜਾ ਹੈ ਪਰ ਕਿਸੇ ਅੰਨ੍ਹੇ ਖੂਹ ਵਿਚ ਡਿਗ ਕੇ ਆਪਣੇ ਆਪ ਨੂੰ ਗ਼ਰਕ ਕਰ ਲੈਣਾ ਕੋਈ ਸਿਆਣਪ ਨਹੀਂ।

ਹਰਅੰਜਲ ਕੌਰ ਹੋਰਾਂ ਦਾ ਦੂਜਾ ਗਿਲਾ ਕਮਿਊ-ਨਿਸਟਾਂ ਵਿਰੁਧ ਇਹ ਹੈ ਕਿ ਉਹ ਜਨਸੰਘੀਆਂ ਜਾਂ ਰਾਸ਼ਟਰ ਸੰਘੀਆਂ ਦੀ ਆਲੋਚਨਾ ਤਾਂ ਕਰਦੇ ਹਨ ਕਿ ਉਹ ਹਿੰਦੂ-ਫ਼ਿਰਕਾ ਪ੍ਰਸਤੀ ਦੀਆਂ ਪਾਰਟੀਆਂ ਹਨ, ਪਰ ਕਾਂਗਰਸ ਜਨਤਾ ਆਦਿਕ ਨੂੰ ਇਸ ਫ਼ਿਰਕਾ ਪ੍ਰਸਤੀ ਤੋਂ ਬਰੀ ਕਰਦੇ ਹਨ, ਜਦੋਂ ਕਿ ਇਹਨਾਂ ਸਾਰੀਆਂ ਪਾਰਟੀਆਂ ਤੇ 'ਬ੍ਰਾਹਮਣਵਾਦ' ਭਾਰੂ ਹੈ। ਇਸਦੇ ਨਾਲ ਨਾਲ ਉਹ ਇਸ਼ਾਰਾ ਵੀ ਕਰਦੇ ਹਨ ਕਿ ਕਮਿਊਨਿਸਟਾਂ ਵਿਚ ਬ੍ਰਾਹਮਣਵਾਦ ਕਾਇਮ ਹੈ, ਇਸ ਲਈ ਉਹ ਬ੍ਰਾਹਮਣਵਾਦ ਦੀ ਵਿਰੋਧਤਾ ਨਹੀਂ ਕਰਦੇ, ਸਿਰਫ ਧਰਮ ਦੇ ਆਧਾਰ ਤੇ ਹਿੰਦੂਵਾਦ, ਸਿਖਵਾਦ, ਮੁਸਲਿਮਵਾਦ, ਇਸਾਈਵਾਦ ਆਦਿਕ ਦੀ ਵਿਰੋਧਤਾ ਕਰਦੇ ਹਨ। ਇਥੇ ਮੈਂ ਹਰਅੰਜਲ ਕੌਰ ਹੋਰਾਂ ਨੂੰ ਸਾਫ ਕਰ ਦਿਆਂ ਕਿ ਫਲਸਫੇ ਦੇ ਤੌਰ ਤੇ ਹਰ ਕਮਿਊਨਿਸਟ ਧਰਮ ਆਧਾਰਤ ਸਿਆਸਤ ਦਾ ਵਿਰੋਧੀ ਹੋਵੇਗਾ। ਜਨਸੰਘੀਆਂ, ਅਕਾਲੀਆਂ, ਮੁਸਲਿਮ ਲੀਗੀਆਂ ਆਦਿਕ ਦੀ ਵਿਰੋਧਤਾ ਇਸੇ ਆਧਾਰ ਤੇ ਕੀਤੀ ਜਾਂਦੀ ਹੈ ਕਿਉਂਕਿ ਇਹ ਪਾਰਟੀਆਂ ਐਲਾਨੀਆ ਧਰਮ ਅਧਾਰਤ ਪਾਰਟੀਆਂ ਹਨ। 'ਕਾਂਗਰਸ,' ਜਨਤਾ ਆਦਿਕ ਧਰਮ ਨੂੰ ਵੋਟਾਂ ਲਈ ਮੌਕਪ੍ਰਸਤੀ ਦੇ ਤੌਰ ਤੇ ਇਸਤੇਮਾਲ ਕਰਦੀਆਂ ਹਨ। ਉਹ ਹੋਰ ਧਰਮਾਂ ਨੂੰ ਵੀ ਵਰਤਦੀਆਂ ਹਨ। ਉਹਨਾਂ ਦੀ ਵਿਰੋਧਤਾ ਉਸ ਪੈਂਤੜੇ ਤੋਂ ਕਰਨੀ ਜ਼ਰੂਰੀ ਹੈ। 'ਕਾਂਗਰਸ ਪਾਰਟੀ' ਦੀ ਮੌਕਾ-ਪ੍ਰਸਤੀ ਦੀ ਇਸ ਤੋਂ ਵਡੀ ਕੀ ਮਿਸਾਲ ਹੈ ਕਿ ਉਹਨਾਂ ਨੇ ਦਲਿਤ ਵਰਗ ਨੂੰ ਹਰ ਹੀਲੇ ਵੋਟ ਬੈਂਕ ਲਈ ਵਰ-ਤਿਆ ਹੈ, ਇਥੋਂ ਤਕ ਕਿ ਭਾਰਤ ਦਾ ਵਿਧਾਨ ਵੀ ਡਾਕਟਰ ਅੰਬੇਦਕਰ ਹੋਰਾਂ ਕੋਲੋਂ ਬਣਵਾਇਆ ਹੈ। ਇਸ ਵਿਧਾਨ ਅਨੁਸਾਰ ਹੀ ਹਰ ਸਰਕਾਰੀ ਕਾਰਗੁਜ਼ਾਰੀ ਵਿਚ ਧਰਮ ਅਤੇ ਜ਼ਾਤ ਦੀ ਪਹਿਚਾਣ ਮੁੱਖ ਤੌਰ ਤੇ ਰੱਖੀ ਹੁੰਦੀ ਹੈ। ਇਹ ਪਹਿਚਾਣ ਮਨੂੰਵਾਦ (ਤੁਹਾਡੇ ਸ਼ਬਦਾਂ ਵਿਚ ਬ੍ਰਾਮਣਵਾਦ) ਦੀਆਂ ਜੜ੍ਹਾਂ ਹਨ। ਮੇਰਾ ਗਿਲਾ ਹੈ ਕਿ ਦਲਿਤ ਅੰਦੋਲਨ ਇਸ ਜ਼ਰੂਰੀ ਮਸਲੇ ਨੂੰ ਕਿਉਂ ਨਹੀਂ ਚੁੱਕਦਾ? ਇਥੋਂ ਦਲਿਤ ਵਰਗ ਦੇ ਆਗੂਆਂ ਦੀ ਮੌਕਾਪ੍ਰਸਤੀ ਜ਼ਾਹਰ ਹੁੰਦੀ ਹੈ। ਉਹ ਇਸੇ ਸਮਾਜ ਵਿਚ

ਆਪਣੀ ਵੱਖਰੀ ਪਹਿਚਾਣ ਰੱਖ ਕੇ ਰਿਐਤਾਂ ਚਾਹੁੰਦੇ ਹਨ। ਇਸ ਸਮਾਜ ਨੂੰ ਬੁਨਿਆਦੀ ਤੌਰ ਤੇ ਬਦਲਣ ਵਿਚ ਸੁਹਿਰਦ ਨਹੀਂ। ਉਹ ਸਮਝਦੇ ਨੇ ਕਿ ਉਹੀ ਦੱਬੇ ਕੁੱਚਲੇ ਹਨ, ਬਾਕੀ ਸਾਰੇ ਹੀ ਬ੍ਰਾਹਮਣ ਹਨ ਤੇ ਸੋਨੇ ਦੇ ਝੂਲੇ ਝੂਲ ਰਹੇ ਹਨ। ਦਲਿਤ ਲਹਿਰ ਨਾ ਹੀ ਆਪਣੇ ਵਿਚੋਂ ਜਗਜੀਵਨ ਰਾਮਾਂ ਦੀ ਪਹਿਚਾਣ ਕਰਨੀ ਚਾਹੁੰਦੀ ਹੈ ਤਾਂ ਨਾ ਹੀ ਦੂਸਰੇ ਵਰਗਾਂ ਵਿਚ ਵਿਚਾਰੇ ਨਥੂ ਰਾਮਾਂ ਦੀ। ਕਮਿਊਨਿਸਟ ਲਹਿਰ ਦੇ ਚੋਟ ਨਿਸ਼ਾਨੇ ਅਤੇ ਦਲਿਤ ਲਹਿਰ ਦੇ ਚੋਟ ਨਿਸ਼ਾਨੇ ਵਿਚ ਇਥੇ ਫਰਕ ਸਾਹਮਣੇ ਆ ਰਿਹਾ ਹੈ।

ਹਰਅੰਜਲ ਕੌਰ ਹੁਰਾਂ ਨੇ ਹੋਰ ਵੀ ਨੁਕਤੇ ਕਮਿਊਨਿਸਟ ਵਰਤਾਰੇ ਬਾਰੇ ਉਠਾਏ ਹਨ। ਇਸ ਵਿਚ ਸ਼ੱਕ ਨਹੀਂ ਕਿ ਬਹੁਤ ਵਾਰ ਆਪਣੀਆਂ ਸਿਧਾਂਤਕ ਕਚਿਆਈਆਂ ਕਰਕੇ ਕਮਿਊਨਿਸਟ ਲੋਕਾਂ ਦੀ ਨਬਜ਼ ਤੇ ਸਹੀ ਹੱਥ ਨਹੀਂ ਰੱਖ ਸਕੇ ਪਰ ਇਹਦਾ ਇਹ ਮਤਲਬ ਨਹੀਂ ਕਿ ਭਾਰਤ ਵਿਚ ਹਰ ਗਲਤ ਵਰਤਾਰੇ ਦਾ ਕਮਿਊਨਿਸਟਾਂ ਨੂੰ ਜ਼ਿਮੇਵਾਰ ਠਹਿਰਾਇਆ ਜਾਏ ਕਿ ਉਹ ਸਮੇਂ ਸਿਰ ਜਾਗੇ ਕਿਉਂ ਨਹੀਂ? ਡਾਕਟਰ ਹਰਅੰਜਲ ਕੌਰ ਨੂੰ ਚਾਹੀਦਾ ਹੈ ਕਿ ਉਹ ਡਾਕਟਰ ਅੰਬੇਦਕਾਰ ਦੇ ਦੱਬੇ ਕੁੱਚਲੇ ਲੋਕਾਂ ਦੇ ਹੱਕ ਵਿਚ ਸਿਧਾਂਤਕ ਪਹੁੰਚਾਂ ਅਤੇ ਮਾਰਕਸਵਾਦ ਦੇ ਸਮਾਜਕ ਵਿਗਿਆਨ ਨੂੰ ਮਿਲਾ ਕੇ ਦਲਿਤ ਲਹਿਰ ਨੂੰ ਸਮੁੱਚੇ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਦੀ ਲਹਿਰ ਨਾਲ ਜੋੜਨ। ਚੋਟ ਨਿਸ਼ਾਨਾ ਇਸ ਸਮਾਜ ਵਿਚ ਬੁਨਿਆਦੀ ਤਬਦੀਲੀਆਂ ਹਨ। ਜ਼ਾਤਪਾਤ ਵਾਦ ਆਰਥਕ ਰਿਸ਼ਤਿਆਂ ਨਾਲ ਜੁੜ ਕੇ ਹੋਂਦ ਵਿਚ ਆਇਆ ਸੀ ਅਤੇ ਇਹ ਆਰਥਕ ਰਿਸ਼ਤਿਆਂ ਨਾਲ ਜੁੜ ਕੇ ਹੀ ਖਤਮ ਹੋਵੇਗਾ। ਗੁਰੂ ਰਵੀਦਾਸ ਜੀ ਨੇ ਭਾਵੇਂ ਇਤਨੀ ਵਡੀ ਲੜਾਈ ਜ਼ਾਤਪਾਤ ਦੇ ਵਿਰੁਧ ਲੜੀ ਪਰ ਆਰਥਕ ਰਿਸ਼ਤੇ ਇਹੋ ਜਿਹੇ ਸਨ ਕਿ ਜ਼ਾਤਪਾਤ ਖਤਮ ਨਹੀਂ ਹੋਈ। ਹੁਣ ਪੈਦਾਵਾਰੀ ਸਾਧਨ ਅਤੇ ਹੁਣ ਦੀ ਸਾਇੰਸ ਜਿਸ ਪੜਾਅ ਤੇ ਪੁੱਜੀ ਹੈ, ਉਹਦੇ ਕਰਕੇ ਜ਼ਾਤਪਾਤ ਦਾ ਖਾਤਮਾ ਪੂਰੀ ਤਰ੍ਹਾਂ ਏਜੰਡਾ ਤੇ ਆ ਚੁਕਿਆ ਹੈ। ਕਮਿਊਨਿਸਟ ਫਲਸਫਾ ਹੀ ਇਸ ਅਮਲ ਦੇ ਖਾਤਮੇ ਦਾ ਆਧਾਰ ਮੁਹੱਈਆ ਕਰਦਾ ਹੈ। ਇਹ ਕਦੀ ਵੀ ਨਹੀਂ ਭੁੱਲਣਾ ਚਾਹੀਦਾ ਕਿ ਲੈਨਿਨ ਦੀ ਅਗਵਾਈ ਵਿਚ ਜੇਕਰ ਰੂਸ ਵਿਚ ਕੌਮੀਅਤਾਂ ਦਾ ਮਸਲਾ ਸਹੀ ਤੌਰ ਤੇ ਹੱਲ ਹੋ ਸਕਿਆ ਸੀ ਤਾਂ ਲੈਨਿਨ ਇਕ ਕਮਿਊਨਿਸਟ ਸੀ। ਦਲਿਤ ਸੰਘਰਸ਼ ਲਹਿਰ ਨੂੰ ਪੂਰੀ ਤਰ੍ਹਾਂ ਜੀ ਆਇਆਂ ਆਖਦੇ ਹੋਏ ਅਸੀਂ ਇਹ ਚਾਹੁੰਦੇ ਹਾਂ ਕਿ ਇਹ ਲਹਿਰ ਸਮੁੱਚੇ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਦੀ ਲਹਿਰ ਦਾ ਹਿੱਸਾ ਬਣੇ।

0

## ਅੱਜ ਦੇ ਸੰਦਰਭ ਵਿਚ ਕੁਝ ਭਖਦੇ ਸਿਆਸੀ ਮਸਲੇ

ਹਰਬੰਸ ਮਾਂਗਟ

ਰਾਜੀਵ ਸਰਕਾਰ ਵਿਰੁੱਧ ਆਪਣੇ ਵਾਜਬ ਰੋਹ ਦਾ ਪ੍ਰਗਟਾਵਾ ਕਰਨ ਲਈ 15 ਮਾਰਚ ਨੂੰ ਸਾਡੇ ਦੇਸ਼ ਵਾਸੀ 'ਭਾਰਤ ਬੰਦ' ਕਰਨਗੇ। ਮਿਹਨਤਕਸ਼ ਲੋਕਾਂ ਦੀ ਇਸ ਵਿਆਪਕ ਸਿਆਸੀ ਅੰਦੋਲਨ 'ਚ ਸ਼ਮੂਲੀਅਤ ਦਰਅਸਲ ਉਹਨਾਂ ਦੀ ਇਸ ਲੁਟੇਰੇ, ਭਰਿਸ਼ਟ ਅਤੇ ਜਾਬਰ ਪ੍ਰਬੰਧ ਤੋਂ ਛੁਟਕਾਰਾ ਪਾਉਣ ਦੀ ਤਾਂਘ ਦਾ ਹੀ ਪ੍ਰਗਟਾਅ ਹੈ।

ਇਹ ਸੱਚ ਹੈ ਕਿ ਇਸ ਬੰਦ ਦੀ ਅਗਵਾਈ ਕਰ ਰਹੀਆਂ ਵਿਰੋਧੀ-ਪਾਰਲੀਮਾਨੀ ਪਾਰਟੀਆਂ 'ਚ ਇੰਨਾ ਦਮ ਨਹੀਂ ਕਿ ਉਹ ਮਿਹਨਤੀ ਲੋਕਾਂ ਦੀ ਇਸ ਸੱਚੀ-ਸੁੱਚੀ ਤਾਂਘ 'ਤੇ ਪੂਰੀਆਂ ਉਤਰ ਸਕਣ; ਪਰ ਇਹ ਵੀ ਇਕ ਤਲਖ ਸਚਾਈ ਹੈ ਕਿ ਇਨਕਲਾਬੀ-ਜਮਹੂਰੀ ਸ਼ਕਤੀਆਂ ਖੁਦ ਆਪ ਇਸ ਵਿਸ਼ਾਲ ਸਿਆਸੀ ਲੜਾਈ ਦੇ ਮੈਦਾਨ 'ਚ ਨਿਤਰਨ ਤੋਂ ਬਿਨਾਂ ਆਪਣੇ ਇਨਕਲਾਬੀ ਦਮ ਦਾ ਸਬੂਤ ਨਹੀਂ ਦੇ ਸਕਦੀਆਂ। ਇਹ ਵੀ ਇਕ ਸਚਾਈ ਹੈ ਕਿ ਜਿੰਨੀ ਦੇਰ ਇਨਕਲਾਬੀ-ਜਮਹੂਰੀ ਸ਼ਕਤੀਆਂ ਮਿਹਨਤਕਸ਼ ਲੋਕਾਈ ਸਾਹਮਣੇ ਆਪਣਾ ਇਨਕਲਾਬੀ ਦਮ ਸਾਬਤ ਨਹੀਂ ਕਰ ਲੈਂਦੀਆਂ, ਉਨੀ ਦੇਰ ਮੌਕਾਪ੍ਰਸਤ ਸਿਆਸੀ ਪਾਰਟੀਆਂ ਦੀ ਨਿਰੋਲ ਅਲੋਚਨਾ ਦੇ ਜ਼ੋਰ ਮਿਹਨਤੀ ਲੋਕਾਂ ਨੂੰ ਇਹਨਾਂ ਪਾਰਟੀਆਂ ਹਥੋਂ ਗੁਮਰਾਹ ਹੋਣ ਤੋਂ ਬਚਾਇਆ ਨਹੀਂ ਜਾ ਸਕਦਾ।

ਇਸ ਲਈ ਅੱਜ ਇਨਕਲਾਬੀ-ਜਮਹੂਰੀ ਸ਼ਕਤੀਆਂ ਦਾ ਕੰਮ ਸਿਰਫ ਇੰਨਾ ਹੀ ਨਹੀਂ ਕਿ ਉਹ 'ਰਾਜੀਵ ਹਟਾਓ' ਅੰਦੋਲਨ 'ਚ ਜੁਟੀਆਂ ਵੱਖ ਵੱਖ ਸਿਆਸੀ ਤਾਕਤਾਂ ਦੇ ਮਨਸੂਬਿਆਂ ਬਾਰੇ ਫੋਕੀ ਚਰਚਾ ਕਰਦੀਆਂ ਰਹਿਣ, ਸਗੋਂ ਲੋੜ ਇਸ ਗੱਲ ਦੀ ਹੈ ਕਿ ਉਹ ਇਕ ਮੁੱਠ ਹੋ ਕੇ ਇਸ ਸਿਆਸੀ ਲੜਾਈ ਦੀ ਅਗਵਾਈ ਸੰਭਾਲਣ ਲਈ ਅਗੇ ਆਉਣ ਅਤੇ ਮੌਕਾਪ੍ਰਸਤ ਸਿਆਸੀ ਤਾਕਤਾਂ ਨੂੰ ਲੋਕਾਂ 'ਚੋਂ ਅਲੱਗ-ਥਲੱਗ ਕਰਨ ਲਈ ਜ਼ੋਰ ਲਾਉਣ।

ਜਿਥੇ ਵੱਖ ਵੱਖ ਮੌਕਾਪ੍ਰਸਤ ਸਿਆਸੀ ਤਾਕਤਾਂ 15 ਮਾਰਚ ਨੂੰ ਭਾਰਤ ਬੰਦ 'ਚ ਸ਼ਾਮਿਲ ਹੋ ਕੇ ਮਿਹਨਤੀ

ਲੋਕਾਈ ਨੂੰ ਗੁਮਰਾਹ ਕਰਨ ਲਈ ਆਪਣਾ ਟਿੱਲ ਲਾਉਣਗੀਆਂ; ਉਥੇ ਇਨਕਲਾਬੀ-ਜਮਹੂਰੀ ਸ਼ਕਤੀਆਂ ਵੀ ਇਕ ਮੁੱਠ ਹੋ ਕੇ ਇਸ ਬੰਦ 'ਚ ਸ਼ਾਮਲ ਹੋ ਕੇ ਆਪਣਾ ਇਨਕਲਾਬੀ ਦਮ ਸਾਬਤ ਕਰ ਸਕਦੀਆਂ ਹਨ ਅਤੇ ਮਿਹਨਤਕਸ਼ ਲੋਕਾਈ ਨੂੰ ਸਮਾਜਿਕ ਇਨਕਲਾਬ ਦੀ ਲੋੜ ਸਮਝਾ ਸਕਦੀਆਂ ਹਨ। ਸਮੇਂ ਦੀ ਮੰਗ ਇਹੋ ਹੈ ਕਿ ਅਸੀਂ ਇਨਕਲਾਬੀ-ਜਮਹੂਰੀ ਬਦਲ ਦਾ ਨਾਹਰਾ ਲੈ ਕੇ ਮੈਦਾਨ 'ਚ ਨਿਤਰੀਏ।

ਹੁਣੇ ਹੁਣੇ ਹੋਈਆਂ ਤ੍ਰਿਪੁਰਾ ਅਸੈਂਬਲੀ ਚੋਣਾਂ ਵਿਚ CPM ਦੀ ਅਗਵਾਈ ਵਾਲੇ ਖੱਬੇ ਮੋਰਚੇ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਮੋਰਚਾ ਸੂਬੇ ਅੰਦਰ ਕਈ ਸਾਲ ਹਕੂਮਤ ਕਰਨ ਤੋਂ ਬਾਅਦ ਚੋਣਾਂ ਹਾਰ ਗਿਆ ਹੈ। ਇਹ ਕੋਈ ਇਕੱਲੇ ਤ੍ਰਿਪੁਰਾ ਦੀ ਹੀ ਗੱਲ ਨਹੀਂ ਸਗੋਂ ਕੇਰਲਾ ਅਤੇ ਪੱਛਮੀ ਬੰਗਾਲ 'ਚ ਵੀ ਹਵਾ ਦਾ ਰੁੱਖ ਇਹੋ ਹੈ। ਲੱਗ ਭੱਗ ਦਸ-ਗਿਆਰਾਂ ਮਹੀਨੇ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੇ ਮੋਰਚੇ ਨੂੰ ਹਰਾ ਕੇ CPM ਦੀ ਅਗਵਾਈ ਵਾਲਾ ਖੱਬਾ ਮੋਰਚਾ ਕੇਰਲਾ ਦੀ ਸਤਾ ਉਤੇ ਆਇਆ ਸੀ ਪਰ ਪਿਛਲੇ ਦਿਨੀਂ ਹੋਈਆਂ ਉਥੋਂ ਦੀਆਂ ਨਗਰ ਪਾਲਿਕਾ ਚੋਣਾਂ ਵਿਚ ਬਹੁਤੇ ਥਾਵੀਂ ਇਹ ਕਾਂਗਰਸ ਹੱਥੋਂ ਹਾਰ ਗਿਆ ਹੈ ਅਤੇ ਪੱਛਮੀ ਬੰਗਾਲ 'ਚ ਆਪਣੀ ਕਈ ਸਾਲਾਂ ਦੀ ਹਕੂਮਤ ਦੇ ਬਾਵਜੂਦ ਪਿਛਲੀਆਂ ਅਸੈਂਬਲੀ ਚੋਣਾਂ ਸਮੇਂ ਬਹੁਤੇ ਸ਼ਹਿਰੀ ਕੇਂਦਰਾਂ; ਜਿਥੇ ਮਜ਼ਦੂਰ ਜਮਾਤ ਦੀ ਬਹੁਲਤਾ ਹੈ, 'ਚੋਂ ਖੱਬੇ ਮੋਰਚੇ ਦੇ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ।

ਜਦੋਂ ਇਕ ਪਾਸੇ CPM ਆਪਣੇ ਖੱਬੇ ਮੋਰਚੇ ਦੇ ਮਾਡਲ ਨੂੰ ਕਾਂਗਰਸ (ਆਈ) ਦੇ ਦੇਸ਼ ਵਿਆਪੀ ਬਦਲ ਵਜੋਂ ਸਥਾਪਤ ਕਰਨ ਦੇ ਸੁਫਨੇ ਵੇਖ ਰਹੀ ਹੈ ਤਾਂ ਇਸ ਮਾਡਲ ਨੂੰ ਇਸਦੇ ਬਚਪਨ ਵਿਚ ਹੀ ਲੱਗੇ ਇਹਨਾਂ ਜ਼ਬਰਦਸਤ ਝਟਕਿਆਂ ਦੇ ਕੀ ਕਾਰਣ ਹੋ ਸਕਦੇ ਹਨ? ਪੱਕ ਨਾਲ ਹੀ ਇਸਦਾ ਕਾਰਨ 'ਬਿਹਾਰੀ ਮਜ਼ਦੂਰਾਂ ਦੀ ਪਛੜੀ ਚੇਤਨਾ' ਨਹੀਂ ਹੋ ਸਕਦੀ, ਨਾ ਹੀ 'ਸ਼ਹਿਰੀ ਵੋਟਰਾਂ ਦਾ ਉਤਾਵਲਾਪਣ' ਇਸ ਲਈ ਜ਼ਿੰਮੇਂਵਾਰ ਹੈ ਅਤੇ ਨਾ ਹੀ ਕਾਂਗਰਸ (ਆਈ) ਦੀਆਂ ਸਿਆਸੀ ਚਾਲਾਂ ਇਸ ਦਾ ਬੁਨਿਆਦੀ ਕਾਰਣ ਹਨ।

ਇਹ ਸੱਚ ਹੈ ਕਿ ਦੇਸ਼ ਵਾਸੀ ਕਾਂਗਰਸ ਦਾ ਬਦਲ ਚਾਹੁੰਦੇ ਹਨ; ਪਰ ਸਿਰਫ਼ ਨਾਮ ਨਿਹਾਦ ਬਦਲ ਨਹੀਂ ਸਗੋਂ ਇਕ ਲੜਾਕੂ ਅਤੇ ਇਨਕਲਾਬੀ-ਜਮਹੂਰੀ ਬਦਲ। ਖੱਬੇ ਮੋਰਚੇ ਦੀਆਂ ਵੱਖ ਵੱਖ ਸੂਬਾਈ ਸਰਕਾਰਾਂ ਆਪਣੀ ਜਨਤਾ ਸਾਹਮਣੇ ਕਾਂਗਰਸ (ਆਈ) ਦਾ ਇਕ ਇਨਕਲਾਬੀ-ਜਮਹੂਰੀ ਬਦਲ ਪੇਸ਼ ਕਰਨ 'ਚ ਅਸਫਲ ਰਹੀਆਂ ਹਨ। ਕੇਂਦਰ ਦੀ ਕਾਂਗਰਸ ਸਰਕਾਰ ਅਤੇ ਤ੍ਰਿਪੁਰਾ ਦੀ ਖੱਬੇ ਮੋਰਚੇ ਦੀ ਸਰਕਾਰ ਵਿਚ ਫਰਕ ਸਿਰਫ ਇਹ ਸੀ ਕਿ ਕਾਂਗਰਸ ਸਰਕਾਰ ਸਮੁੱਚੇ ਤ੍ਰਿਪੁਰਾ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇਣ ਲਈ ਬਜ਼ਿਦ ਸੀ ਪਰ ਖੱਬੇ ਮੋਰਚੇ ਦੀ ਸਰਕਾਰ ਤ੍ਰਿਪੁਰਾ ਦੇ ਇਕ ਹਿਸੇ ਨੂੰ ਅਤੇ ਕਾਂਗਰਸ ਸਰਕਾਰ 'ਗੜਬੜ ਨੂੰ ਦਬਾਉਣ ਲਈ ਫੌਜ ਦੀ ਵਰਤੋਂ' ਕਰਨਾ ਚਾਹੁੰਦੀ ਸੀ ਪਰ ਖੱਬੇ ਮੋਰਚੇ ਦੀ ਸਰਕਾਰ ਬੱਸ CRP ਅਤੇ BSF ਨਾਲ ਕੰਮ ਚਲਾਉਣਾ ਚਾਹੁੰਦੀ ਸੀ! ਰਾਜਸੀ ਅੰਦੋਲਨਾਂ ਨੂੰ ਸਰਕਾਰੀ ਜਬਰ ਦੇ ਸਿਰ 'ਤੇ ਕੁਚਲ ਦੇਣ ਲਈ ਦੋਵੇਂ ਇਕ ਮੱਤ ਹਨ। ਇਹੋ ਕਾਰਨ ਹੈ ਕਿ ਜਨਤਾ ਨੇ CPM ਦੇ ਖੱਬੇ ਮੋਰਚੇ ਦੇ ਮਾਡਲ ਨੂੰ ਕਾਂਗਰਸ (ਆਈ) ਦੇ ਬਦਲ ਵਜੋਂ ਰੱਦ ਕਰ ਦਿਤਾ ਹੈ।

ਪਰ ਤਾਂ ਵੀ ਨਿਰੀਪੁਰੀ CPM ਦੀ ਅਲੋਚਨਾ ਕਰਕੇ ਕੰਮ ਨਹੀਂ ਮੁੱਕ ਜਾਂਦਾ ਸਗੋਂ ਇਨਕਲਾਬੀ-ਜਮਹੂਰੀ ਤਾਕਤਾਂ ਸਾਹਮਣੇ ਕਾਂਗਰਸ (ਆਈ) ਦਾ ਇੱਕ ਹਕੀਕੀ ਇਨਕਲਾਬੀ-ਜਮਹੂਰੀ ਬਦਲ ਵਿਕਸਤ ਕਰਨ ਦਾ ਕਾਰਜ ਹੋਰ ਵੀ ਸ਼ਿਦਤ ਨਾਲ ਪੇਸ਼ ਹੋ ਜਾਂਦਾ ਹੈ। ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਇਸ ਚੁਣੌਤੀ ਨੂੰ ਕਬੂਲ ਕਰਨਾ ਚਾਹੀਦਾ ਹੈ।

0

---

## ਅਸੀਂ ਵਿਰੋਧ ਕਰਦੇ ਹਾਂ

- ਫਿਰਕਾਪ੍ਰਸਤੀ ਦਾ ਜ਼ਾਤਪਾਤਵਾਦ ਦਾ ਅਤੇ ਧਾਰਮਕ ਮੂਲਵਾਦ ਦਾ।
- ਭ੍ਰਿਸ਼ਟਾਚਾਰ ਦਾ ਜੋ ਸਰਮਾਏਦਾਰ, ਨੌਕਰਸ਼ਾਹੀ ਅਤੇ ਸਿਆਸੀ ਲੀਡਰ ਰਲ ਕੇ ਕਰ ਰਹੇ ਹਨ।
- ਪ੍ਰਾਈਵੇਟ ਸੈਕਟਰ ਰਾਹੀ ਲੁੱਟਦਾ ਅਤੇ ਪਬਲਿਕ ਸੈਕਟਰ ਵਿਚ ਨੌਕਰਸ਼ਾਹੀ ਦੇ ਗ਼ਲਬੇ ਦਾ।

## ਅਸੀਂ ਚਾਹੁੰਦੇ ਹਾਂ

ਅਮਨ ਅਤੇ ਗਵਾਂਢੀ ਦੇਸ਼ ਨਾਲ ਦੋਸਤੀ ਦਾ ਰਿਸ਼ਤਾ।

ਕਹਾਣੀ :

# ਦਹਿਸ਼ਤਗਰਦ

ਮਿੱਤਰ ਸੈਨ ਮੀਤ

ਚਾਰੇ ਪਾਸੇ ਛਾਏ ਸਨਾਟੇ ਤੋਂ ਨੱਥੂ ਅੰਦਾਜ਼ਾ ਲਾਈ ਬੈਠਾ ਸੀ ਕਿ ਰਾਤ ਆਪਣਾ ਜੋਬਨ ਹੰਢਾ ਰਹੀ ਹੈ।

ਕੋਈ ਵੀ ਦਰਦ ਨਾਲ ਤਰਲੋ ਮੱਛੀ ਹੋ ਰਹੇ ਨੱਥੂ ਦੀਆਂ ਆਹਾਂ ਸੁਨਣ ਵਾਲਾ ਨਹੀਂ। ਸਾਰੇ ਦਾ ਸਾਰਾ ਟੱਬਰ ਘੋੜੇ ਵੇਚ ਕੇ ਸੌਂ ਗਿਆ ਲੱਗਦਾ ਹੈ।

ਘਰਾੜੇ ਮਾਰ ਮਾਰ ਗੁਆਂਢੀਆਂ ਦੇ ਜਵਾਕ ਡਰਾਉਣ ਨੂੰ ਉਹਦਾ ਵੀ ਦਿਲ ਕਰਦਾ ਹੈ। ਪਰ ਕੁੰਭਕਰਨੀ ਨੀਂਦ ਸੌਣ ਵਾਲਾ ਨੱਥੂ ਤਾਂ ਕਦੋਂ ਦਾ ਮਰ ਚੁੱਕਾ ਹੈ। ਬਿਗਾਨੇ ਸਾਹਾਂ ਤੇ ਜਿਉਣ ਵਾਲਾ ਇਹ ਕਬਾੜ ਦਾ ਟਾਂਡਾ ਤਾਂ ਹੁਣ ਨੀਂਦ ਦੇ ਇਕ ਇਕ ਫੂਲ ਲਈ ਕਈ ਕਈ ਰਾਤਾਂ ਕੜੀਆਂ ਬਾਲੇ ਗਿਣਦਾ ਹੈ।

ਭੁੱਲੇ ਚੁੱਕੇ ਕਦੇ ਅੱਖ ਝੱਪਕ ਵੀ ਜਾਏ ਤਾਂ ਹੋਰ ਵੀ ਕੜੀਆ ਹੋ ਜਾਂਦਾ ਹੈ। ਪੁਲਸੀਆਂ ਦੀਆਂ ਡਰਾਉਣੀਆਂ ਸਕਲਾਂ, ਪੁੱਠੇ ਸਿੱਧੇ ਲਮਕਾਉਣ ਦੀਆਂ ਧਮਕੀਆਂ ਅਤੇ ਮੁਸ਼ਤਵਿਆਂ ਦੀਆਂ ਚੀਕਾਂ ਤੋਂ ਡਰਦਿਆਂ ਉਹ ਮੰਜੇ ਤੋਂ ਬੁੜਕ ਬੁੜਕ ਪੈਂਦਾ ਹੈ। ਕਈ ਕਈ ਘੰਟੇ ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕਦਾ ਹੈ ਅਤੇ ਸਾਹ ਨਾਲ ਸਾਹ ਰਲਨੋਂ ਹਟ ਜਾਂਦਾ ਹੈ।

ਉਂਞ ਜਾਗਦਿਆਂ ਵੀ ਉਹ ਸੁੱਤਿਆਂ ਵਰਗਾ ਹੁੰਦਾ ਹੈ। ਬਿੰਦੇ ਝੱਟੇ ਦਰਵਾਜ਼ੇ ਤੇ ਹੁੰਦੀ ਦਸਤਕ ਦੇ ਝਉਲੇ ਪੁਲਿਸ ਦੇ ਡੰਡਿਆਂ ਵਾਂਗ ਉਹਦੇ ਜ਼ਿਹਨ ਤੇ ਸਟ ਮਾਰਦੇ ਹਨ।

ਇਕ ਨਹੀਂ, ਦੋ ਨਹੀਂ, ਪੂਰੀਆਂ ਤਿੰਨ ਤਿੰਨ ਦਸਤਕਾਂ ਉਹਦਾ ਪਿੱਛਾ ਕਰਦੀਆਂ ਹਨ।

ਕੁੱਤਿਆਂ ਦੇ ਰੋਣ ਦੀਆਂ ਅਵਾਜ਼ਾਂ ਉਸ ਰਾਤ ਵੀ ਇਨ੍ਹੀਆਂ ਹੀ ਭਿਆਨਕ ਸਨ ਜਿਸ ਰਾਤ ਚੰਨੀ ਨੇ ਪਹਿਲੀ ਦਸਤਕ ਕੀਤੀ ਸੀ।

ਨਿਧੜਕ ਹੋ ਕੇ ਉਹਨੇ ਦਰਵਾਜ਼ਾ ਇਉਂ ਖੜ ਖੜਾਇਆ ਸੀ ਜਿਵੇਂ ਇਸ ਘਰ ਦਾ ਪ੍ਰਾਹੁਣਾ ਹੋਵੇ। ਬਿਨਾਂ ਕਿਸੇ ਆਓ ਭਗਤ ਦੀ ਉਡੀਕ ਕਰੇ ਉਹ ਬੈਠਕ ਵਲ ਇਉਂ ਤੁਰ ਪਿਆ ਸੀ ਜਿਵੇਂ ਘਰ ਦਾ ਮਾਲਕ ਹੋਵੇ।

ਜਿਨ੍ਹਾਂ ਚਿਰ ਘਰ ਵਿਚ ਰਿਹਾ ਉਹ ਆਪਣਾ ਹੁਕਮ ਚਲਾਉਂਦਾ ਰਿਹਾ। ਬੱਤੀ ਨਹੀਂ ਜਲਾਉਣੀ। ਧੰਨੋ ਨੂੰ ਨਹੀਂ ਜਗਾਉਣਾ। ਚਾਹ ਪਾਣੀ ਲਈ ਉਸ ਕੋਲ ਵਕਤ ਨਹੀਂ।

ਵਿਹਲਾ ਤਾਂ ਨੱਥੂ ਵੀ ਨਹੀਂ ਸੀ। ਕੱਚੀ ਨੀਂਦ ਉੱਠਣ ਕਰਕੇ ਉਬਾਸੀ ਤੇ ਉਬਾਸੀ ਆ ਰਹੀ ਸੀ। ਦੋ ਸ਼ਿਫ਼ਟਾਂ ਵਿਚ ਕੰਮ ਕਰਨ ਕਰਕੇ ਉਹਦਾ ਅੰਗ ਅੰਗ ਟੁੱਟ ਰਿਹਾ ਸੀ। ਅਗਲੀ ਸ਼ਿਫ਼ਟ ਸ਼ੁਰੂ ਹੋਣ ਵਿਚ ਸਾਰੇ ਤਿੰਨ ਘੰਟੇ ਰਹਿੰਦੇ ਸਨ। ਨੀਂਦ ਪੂਰੀ ਨਾ ਹੋਈ ਤਾਂ ਕਈਆਂ ਸਾਥੀਆਂ ਵਾਂਗ ਉਹ ਵੀ ਹੱਥ ਪੈਰ ਕਟਾ ਸਕਦਾ ਸੀ।

ਕਾਹਲੀ ਕਾਹਲੀ ਵਿਚ ਨੌਜਵਾਨ ਨੇ ਇਕ ਛੋਟਾ ਜਿਹਾ ਭਾਸ਼ਣ ਦਿਤਾ। ਕੇਂਦਰੀ ਸਰਕਾਰ ਦੀ ਮਤਰੇਈ ਮਾਂ ਵਾਲੀ ਨੀਤੀ ਬਾਰੇ, ਕੌਮ ਦੀ ਮੁਕਤੀ ਬਾਰੇ। ਧਰਮ-ਯੁੱਧ ਅਤੇ ਨੌਜਵਾਨਾਂ ਦੀਆਂ ਸ਼ਹੀਦੀਆਂ ਬਾਰੇ।

ਨੱਥੂ ਦੇ ਕੁੱਝ ਪੱਲੇ ਨਹੀਂ ਸੀ ਪਿਆ। ਉਹ ਤਾਂ ਮਤਲਬ ਦੀ ਗੱਲ ਸੁਨਣਾ ਚਾਹੁੰਦਾ ਸੀ। ਵਿਹਲਾ ਹੋਵੇ ਤੇ ਘਰਾੜੇ ਮਾਰੇ।

"ਮਿੰਦਰ ਨੇ ਦੱਸਿਆ ਸੀ ਤੂੰ ਵੀ ਧਰਮ-ਯੁੱਧ ਵਿਚ ਕੁਦਨਾਂ ਚਾਹੁੰਦਾ ਹੈਂ...ਲੈ ਇਹ ਬੈਗ ਸੰਭਾਲ ਕੇ ਰੱਖ ਮਿੰਦਰ ਵਰਗਾ ਕੋਈ ਆਪੇ ਲੈ ਜਾਊ...ਮੈਂ ਕਦੇ ਫੇਰ ਆਊਂ ਤੇਰੀ ਗਰੀਬੀ ਦੂਰ ਕਰਨ।"

ਬੁੱਕਲ ਹੇਠੋਂ ਬੈਗ ਕੱਢ ਕੇ ਨੌਜਵਾਨ ਨੇ ਮਤਲਬ ਦੀ ਗੱਲ ਛੇੜੀ ਤਾਂ ਨੱਥੂ ਨੂੰ ਕਾਂਬਾਂ ਛਿੜ ਗਿਆ।

"ਇਹਨਾਂ ਵਿਚ ਦੁਸ਼ਟਾਂ ਨੂੰ ਸੋਧਣ ਲਈ ਹਥਿਆਰ ਨੇ। ਛੇੜ ਛਾੜ ਨਾਂ ਕਰੀਂ...ਕਿਧਰੇ ਗੱਲ ਵੀ ਨਾਂ ਕਰੀਂ...ਤੈਨੂੰ ਪਤਾ ਹੀ ਹੈ ਗ਼ਦਾਰਾਂ ਦਾ ਕੀ ਹਸ਼ਰ ਹੁੰਦਾ ਹੈ...।"

ਇਸ ਤੋਂ ਪਹਿਲਾਂ ਕੇ ਆਖ਼ਰੀ ਹਦਾਇਤ ਦੀ ਨੱਥੂ ਨੂੰ ਸਮਝ ਪੈਂਦੀ ਨੌਜਵਾਨ ਹਨ੍ਹੇਰੇ ਵਿਚ ਅਲੋਪ ਹੋ ਚੁਕਾ ਸੀ।

ਇਹ ਪਹਿਲੀ ਰਾਤ ਸੀ ਜਦੋਂ ਨੀਂਦ ਨੇ ਉਹਨੂੰ ਅਲਵਿਦਾ ਕਹੀ ਸੀ, ਜਦੋਂ ਮਸਤ ਚਾਲ ਚਲਦੀ ਉਹਦੀ ਕਬੀਲਦਾਰੀ ਦੀ ਗੱਡੀ ਨੂੰ ਹਲੂਣਾ ਪਿਆ ਸੀ।

ਬੈਗ ਤੋਂ ਉਹ ਸੱਪ ਵਾਂਗ ਡਰਦਾ ਰਿਹਾ। ਇਸ ਬਲਾ ਨੂੰ ਲੁਕਾਵੇ ਤਾਂ ਕਿੱਥੇ ? ਮੰਜੇ ਹੇਠਾਂ ? ਬਿਸਤਰਿਆਂ 'ਚ ? ਜਾ ਫੇਰ ਪੜਛੱਤੀ ਤੇ ? ਧੰਨੋ, ਬੰਸੋ ਜਾਂ ਬਾਪੂ ਇਥੇ ਤਾਂ ਕੋਈ ਵੀ ਹੱਥ ਮਾਰ ਸਕਦਾ ਸੀ।

ਇਕ ਦੋ ਵਾਰ ਦਿਲ 'ਚ ਆਈ ਕਿਉਂ ਨਾ ਮਾਲਕਾਂ ਨਾਲ ਗੱਲ ਕਰਕੇ ਬੈਗ ਪੁਲਿਸ ਹਵਾਲੇ ਕਰ ਦੇਵੇ। ਝੱਟ ਹੀ ਉਹਨਾਂ ਖ਼ਬਰਾਂ ਦਾ ਚੇਤਾ ਆਉਂਦਾ ਜਿਨ੍ਹਾਂ ਵਿਚ ਮੁਖ਼ਬਰਾਂ ਦੇ ਪੂਰੇ ਦੇ ਪੂਰੇ ਪਰਿਵਾਰਾਂ ਨੂੰ ਮਾਰਨ ਦੀ ਗੱਲ ਹੁੰਦੀ।

ਫੁੱਲਾਂ ਵਾਂਗ ਟਹਿਕਦੀ ਆਪਣੀ ਛੋਟੀ ਜਿਹੀ ਫੁਲਵਾੜੀ ਨੂੰ ਅੱਗ ਵਿਚ ਉਹ ਨਹੀਂ ਸੀ ਝੋਕ ਸਕਦਾ। ਮਸਾਂ ਮਸਾਂ ਤਾਂ ਉਹਦੀ ਕਬੀਲਦਾਰੀ ਥਹੁ ਸਿਰ

ਹੋਈ ਸੀ ।

ਅੰਗਰੇਜ਼ੀ ਨੂੰ ਮੂੰਹ ਮਾਰਦੇ ਬੰਟੀ ਨੂੰ ਦੇਖਕੇ ਉਹਦਾ ਸਾਰਾ ਥਕੇਵਾਂ ਲਹਿ ਜਾਂਦਾ । ਸ਼ਹਿਰ ਆ ਕੇ ਉਹਨੂੰ ਪਤਾ ਲੱਗਾ ਅੰਧਿਆਂ ਨਾਲੋਂ ਵਧ ਅਫਸਰ ਉਹਨਾ ਦੀ ਬਰਾਦਰੀ ਦੇ ਹਨ । ਉਹਨਾਂ ਨੂੰ ਨੌਕਰੀ ਝੱਟ ਦੇ ਕੇ ਨਹੀਂ ਮਿਲਦੀ ਤਰੱਕੀ ਵੀ ਦਿਨਾਂ ਵਿਚ ਹੋ ਜਾਂਦੀ ਹੈ। ਸਰਕਾਰੀ ਵਜ਼ੀਫੇ ਪਏ ਭੁੱਠ 'ਚ, ਉਥੇ ਤੱਪੜਾਂ ਤੇ ਬੈਠਣ ਵਾਲਿਆਂ ਨੂੰ ਕੌਣ ਪੜ੍ਹਾਉਂਦੈ । ਬੰਟੀ ਨੂੰ ਉਹਨੇ ਮਾਡਲ ਸਕੂਲ ਵਿਚ ਪਾਇਆ । ਸਾਰਾ ਸੌ ਕੁ ਰੁਪਿਆ ਮਹੀਨਾ ਵੱਧ ਖਰਚ ਹੁੰਦਾ ਸੀ । ਹੁਣ ਔਖ ਸੌਖ ਹੈ ਤਾਂ ਕੀ ਹੈ ? ਪਿਛੋਂ ਤਾਂ ਸਾਰੀ ਉਮਰ ਕੀ ਮੌਜਾਂ ਕਰੇਗਾ ।

ਉਹਨੇ ਖੁਦ ਵੀ ਤਾਂ ਬਾਪੂ ਦੇ ਗਲੋਂ ਪੰਜਾਲੀ ਲਾਹੀ ਸੀ । ਲੋਕਾਂ ਦਾ ਗੋਲਾ ਧੰਧਾ ਕਰਦਿਆਂ ਉਹਦੇ ਹੱਡ ਘਸ ਗਏ, ਵੀਹ ਰੋਗ ਆ ਚੰਬੜੇ । ਨਹਾਉਣ ਧੋਣ, ਧੁੱਪ ਸੇਕਣ ਤੇ ਰੱਬ ਦਾ ਨਾਂ ਲੈਣ ਲਈ ਵਿਹਲਾ ਕਰ ਦਿਤਾ ਸੀ ਬਾਪੂ ਨੂੰ ।

ਧੰਨੋ ਨੂੰ ਵੀ ਕਿਸੇ ਦਾ ਗੋਹਾ ਕੂੜਾ ਕਰਨ ਦੀ ਲੋੜ ਨਹੀਂ । ਅਰਾਮ ਨਾਲ ਘਰ ਬੈਠੇ । ਜੀ ਕਰੇ ਤਾਂ ਮਸ਼ੀਨ ਤੇ ਚਾਰ ਸਵੈਟਰ ਬੁਣ ਲਏ । ਨਹੀਂ ਤਾਂ ਨਾ ਸਹੀ ।

ਜੇ ਇਹ ਸਿਆਪੇ ਨਾ ਪੈਂਦੇ ਤਾਂ ਬੰਸੋ ਨੇ ਵੀ ਦਸ ਕਰ ਲੈਣੀਆਂ ਸਨ । ਪੜ੍ਹਾਈ ਵਿਚ ਉਹ ਵੀ ਪਿਛੇ ਨਹੀਂ ਸੀ । ਧੀ ਦੀ ਕਮਾਈ ਦੀ ਨੱਥੂ ਨੂੰ ਲੋੜ ਨਹੀਂ । ਲੋਕਾਂ ਦੀਆਂ ਕੁੜੀਆਂ ਧਾਗਾ ਮਿਲ ਵਿਚ ਜਾਂਦੀਆਂ ਹਨ ਤਾਂ ਪਈਆਂ ਜਾਣ । ਉਹਨੂੰ ਪਰੈ ਉਥੋਂ ਕੀ ਕੀ ਹੁੰਦੈ ! ਦਸ ਕਰ ਜਾਂਦੀ ਤਾਂ ਕਿਤੇ ਨਾ ਕਿਤੇ ਨੌਕਰੀ ਤੇ ਅਟਕ ਜਾਂਦੀ । ਨੌਕਰੀਆਂ ਵਾਲੀਆਂ ਕੁੜੀਆਂ ਲਈ ਮੁੰਡੇ ਵਾਲੇ ਆਪ ਰਿਸ਼ਤਾ ਮੰਗਨ ਆਉਂਦੇ ਨੇ । ਦੋਨੋਂ ਨੌਕਰ ਹੋਣ ਤਾਂ ਮੌਜਾਂ ਹੀ ਮੌਜਾਂ ।

ਜਿੰਨਾ ਚਿਰ ਬੁੱਢਾ ਚੌਧਰੀ ਜਿਉਂਦਾ ਸੀ ਉਨ੍ਹਾਂ ਚਿਰ ਨੱਥੂ ਨੂੰ ਮਾਲਕਾਂ ਤੋਂ ਕੋਈ ਫਿਕਰ ਨਹੀਂ ਸੀ । ਅੱਜ ਉਹਨਾਂ ਕੋਲ ਬਥੇਰੀਆਂ ਕੋਠੀਆਂ ਤੇ ਕਾਰਾਂ ਹਨ । ਪਰ ਚੌਧਰੀ ਉਹ ਦਿਨ ਕਦੇ ਨਹੀਂ ਭੁਲਦਾ ਜਦੋਂ ਨੱਥੂ ਉਹਨੂੰ ਸਾਈਕਲ ਪਿਛੇ ਬਿਠਾ ਕੇ ਸ਼ਹਿਰ ਲਿਆਉਂਦਾ ਹੁੰਦਾ ਸੀ । ਚੌਧਰੀ ਨੇ ਚੱਕੀ ਲਾਈ ਤਾਂ ਨੱਥੂ ਫਿਟਰ ਸੀ । ਉਹਨਾਂ ਸ਼ੈਲਰ ਲਾਏ ਤਾਂ ਨੱਥੂ ਫੋਰਮੈਨ । ਹੁਣ ਉਹਨਾਂ ਦੀਆਂ ਕਈ ਮਿਲਾਂ ਹਨ । ਮੈਨੇਜਰ ਹਨ । ਹੋਰਾਂ ਦੀਆਂ ਹੋਰਾਂ ਲੇਬਰ ਦੀਆਂ । ਵਫ਼ਾਦਾਰ ਨੱਥੂ ਦੀ ਉਹੋ ਪੁੱਛ ਪ੍ਰਤੀਤ ਹੈ ।

ਦੂਹਰੀ ਸ਼ਿਫਟ ਲਾਉਣ ਕਰਕੇ ਨੱਥੂ ਨੂੰ ਪਿੰਡ ਜਾਣ ਵਿਚ ਦਿੱਕਤ ਆਈ ਤਾਂ ਝੱਟ ਉਹਨਾਂ ਸ਼ਹਿਰ 'ਚ ਰਿਹਾਇਸ਼ ਦਾ ਇੰਤਜ਼ਾਮ ਕਰ ਦਿਤਾ । ਕਾਰਖਾਨਿਆਂ ਲਈ ਉਹਨਾਂ ਕੋਲ ਕਈ ਪਲਾਟ ਸਨ । ਇਕ ਵਿਚ ਉਹਨੂੰ ਬਿਠਾ ਦਿਤਾ । ਨਾਲੇ ਜਗ੍ਹਾ ਦੀ ਰਾਖੀ ਰਹੇਗੀ ਤੇ ਨਾਲੇ ਨੱਥੂ ਦਾ ਗੁਜ਼ਾਰਾ ਹੁੰਦਾ ਰਹੇਗਾ ।

ਸ਼ਹਿਰ 'ਚ ਆ ਕੇ ਸਾਰੇ ਟੱਬਰ ਨੂੰ ਚਾਅ ਚੜ੍ਹ ਗਿਆ । ਬਾਪੂ ਨੂੰ ਲੱਗਦਾ ਸੀ ਇਥੇ ਆ ਕੇ ਤਾਂ ਜਾਦੂ ਦੇ ਤਲਾਬ ਵਿਚ ਨਹਾ ਕੇ ਨਿਕਲੇ ਪਿੰਗਲੇ ਵਾਂਗ ਉਹਦੇ ਸਾਰੇ ਦੁੱਖ ਹਰੇ ਗਏ ਸਨ । ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਚਲੀਆਂ ਆਉਂਦੀਆਂ ਬਿਮਾਰੀਆਂ ਉਹਦੇ ਗਲੋਂ ਲਹਿ ਗਈਆਂ ਸਨ । ਇਥੇ ਨਾ ਉਹ ਚੂਹੜੇ ਸਨ, ਨਾ ਲਾਂਗੀ ਤੇ ਨਾ ਵਗਾਰੀ । ਜੇ ਸਨ ਤਾਂ ਕੇਵਲ ਮਜ਼ਦੂਰ । ਧੰਨੋ ਵੀ ਬਾਗੋ ਬਾਗ । ਇਥੇ ਕਿਸੇ ਨੂੰ ਜੂਠ ਜਾਂ ਉਤਾਰ ਤੇ ਟੇਕ ਰੱਖਣ ਦੀ ਲੋੜ ਨਹੀਂ । ਨਾ ਭਾਂਡਾ ਆਲੇ 'ਚ ਰੱਖਣ ਦੀ । ਕੰਮ ਕਰੋ । ਟੁਣਕਾ ਟੁਣਕਾ ਕੇ ਪੈਸੇ ਲਉ ।

ਸੁਨਹਿਰੇ ਭਵਿੱਖ ਵੱਲ ਵਧਦੇ ਇਹੋ ਜਿਹੇ ਪਰਿਵਾਰ ਨੂੰ ਉਹ ਸਟੇਨ-ਗੰਨਾਂ ਦੇ ਹਵਾਲੇ ਕਿਵੇਂ ਕਰ ਦੇਵੇ ? ਇਸੇ ਉਲਝਨ ਵਿਚ ਫਸਿਆ ਉਹ ਕਾਲੇ ਨਾਗ ਵਾਂਗ ਬੈਗ ਤੇ ਪਹਿਰਾ ਦਿੰਦਾ ਰਿਹਾ ।

ਹੁਣ ਜਦੋਂ ਉਹ ਆਪਣੀ ਕੀਤੀ ਦੀ ਸਜਾ ਭੁਗਤ ਰਿਹਾ ਹੈ ਤਾਂ ਉਹਨੂੰ ਸਮਝ ਨਹੀਂ ਪੈਂਦੀ ਕਿ ਆਖ਼ਿਰ ਮਿੰਦਰ ਅਤੇ ਚੰਨੀ ਨੇ ਉਹਤੋਂ ਕਿਹੜੇ ਜਨਮ ਦਾ ਬਦਲਾ ਲਿਆ ਹੈ ? ਨੱਥੂ ਨੇ ਤਾਂ ਕਦੇ ਕੀੜੀ ਤੱਕ ਨਹੀਂ ਮਾਰੀ । ਉਹਦਾ ਵਸਦਾ ਰਸਦਾ ਆਹਲਣਾ ਤਿਣਕਾ ਤਿਣਕਾ ਕਰਕੇ ਕਿਉਂ ਖਿੰਡ ਰਿਹੈ ?

ਚੰਨੀ ਦੀ ਤਾਂ ਕਦੇ ਉਹਨੇ ਸ਼ਕਲ ਵੀ ਨਹੀਂ ਸੀ ਦੇਖੀ । ਬਸ ਨਾਂ ਹੀ ਸੁਣਿਆ ਸੀ । ਉਹ ਵੀ ਨਾਲ ਦੇ ਸਾਥੀ ਮਿੰਦਰ ਤੋਂ । ਉਹੋ ਦਸਦਾ ਹੁੰਦਾ ਕਿ ਚੰਨੀ ਖਾਂਦੇ ਪੀਂਦੇ ਸਰਦਾਰਾਂ ਦਾ ਮੁੰਡਾ ਹੈ । ਯੂਨੀਵਰਸਿਟੀ ਵਿਚ ਪੜ੍ਹਦਾ ਹੈ । ਕੌਮ ਦੀ ਮੁਕਤੀ ਲਈ ਸਭ ਕੁਝ ਤਿਆਗ ਕੇ ਧਰਮ-ਯੁੱਧ ਵਿਚ ਕੁੱਦਿਆ ਹੋਇਆ ਹੈ ।

ਛੁੱਟੀ ਕੱਟ ਕੇ ਮੁੜਿਆ ਮਿੰਦਰ ਅਜੀਬ ਅਜੀਬ ਗੱਲਾਂ ਕਰਨ ਲੱਗਦਾ । ਕਦੇ ਆਖਦਾ ਜਦੋਂ ਚੌਧਰੀ ਪੰਜਾਬੋਂ ਭੱਜ ਗਏ ਤਾਂ ਉਹ ਉਹਨਾਂ ਦੀ ਸਿਵਲ ਲਾਈਨ ਵਾਲੀ ਕੋਠੀ ਸਾਂਭੇਗਾ । ਕਦੇ ਕਹਿੰਦਾ ਜਲਦੀ ਹੀ ਉਹ ਇਸ ਮਿਲ ਦੇ ਮਾਲਕ ਬਣਨ ਵਾਲੇ ਹਨ ।

ਕਦੇ ਕਦੇ ਨੱਥੂ ਨੂੰ ਵੀ ਸਮਝਾਉਂਦਾ । ਕੇਸ ਦਾੜ੍ਹੀ ਵਧਾਉਣ ਲਈ ਪ੍ਰੇਰਦਾ । ਯੋਧਿਆਂ ਦੀ ਮਦਦ ਕਰੋ । ਕੌਮ ਦਾ ਭਲਾ ਕਰੋ । ਆਖਦਾ ।

ਦਿਲ ਨੱਥੂ ਦਾ ਵੀ ਕਰਦਾ ਉਹ ਵੀ ਮਿੰਦਰ ਵਾਂਗੂ ਦੋਹਰੀ ਸ਼ਿਫਟ ਤੋਂ ਖਹਿੜਾ ਛੁਡਾ ਲਏ । ਕਦੇ ਪੈਂਟ ਸ਼ਰਟ ਪਾ ਕੇ, ਹਵਾ ਪਿਆਜੀ ਹੋ ਕੇ, ਰਿਕਸ਼ੇ 'ਚ ਬਹਿ ਕੇ ਜਵਾਕਾਂ ਜਲਿਆਂ ਨਾਲ ਫ਼ਿਲਮ ਦੇਖਣ ਜਾਵੇ । ਪਰ ਟਰੇਡ ਯੂਨੀਅਨ ਵਾਲਿਆਂ ਦੀਆਂ ਗੱਲਾਂ ਉਹਦੇ ਸੁਪਨੇ

ਛੱਡ ਦਿੰਦੀਆਂ। ਮਿੰਦਰ ਤਾਂ ਸਵਰਗ ਵਰਗੇ ਦਿਨਾਂ ਦੇ ਸੁਪਨੇ ਦੇਖਦਾ ਹੈ। ਉਹ ਆਖਦੇ ਹਨ ਅਸੀਂ ਮਜ਼ਦੂਰ ਹਾਂ। ਮਜ਼ਦੂਰ ਹੀ ਰਹਿਣਾ ਹੈ ਚਾਹੇ ਕੋਈ...ਸ਼ਤਾਨ ਬਣ ਜਾਏ। ਮਜ਼ਦੂਰਾਂ ਦੀ ਮੁਕਤੀ ਦਾ ਰਾਹ ਹੋਰ ਹੈ। ਉਹ ਦੇਖ ਵੀ ਤਾਂ ਰਿਹਾ ਹੈ। ਚੌਧਰੀ ਤਾਂ ਚੱਕੀ ਤੋਂ ਮਿਲ ਤੱਕ ਅੱਪੜ ਗਏ। ਉਹ ਫਿਟਰ ਤੋਂ ਫੋਰਮੈਨ ਬਣਿਆਂ ਹੈ। ਆਹੁਦੇ ਦਾ ਨਾਂ ਹੀ ਬਦਲਿਆ ਹੈ। ਘਰ ਦੀ ਹਾਲਤ ਤਾਂ ਪਹਿਲਾਂ ਵਰਗੀ ਹੀ ਹੈ।

ਉਹੋ ਭਾਣਾ ਵਰਤਦਿਆਂ ਦੇਰ ਨਹੀਂ ਲੱਗੀ ਜਿਸਦਾ ਉਹਨੂੰ ਡਰ ਸੀ। ਜਿਸ ਰਾਤ ਘਰੋਂ ਬੈਗ ਗਿਆ ਉਸ ਰਾਤ ਇਸ ਇਲਾਕੇ ਵਿਚ ਢੇਰ ਸਾਰੇ ਕਤਲ ਹੋਏ। ਬੱਚਿਆਂ ਦੇ, ਔਰਤਾਂ ਦੇ, ਕਾਮਰੇਡਾਂ ਦੇ, ਸਿੱਖਾਂ ਦੇ ਤੇ ਹਿੰਦੂਆਂ ਦੇ।

ਮਿੰਦਰ ਦੀ ਡਿਊਟੀ ਤੋਂ ਗ਼ੈਰ-ਹਾਜ਼ਰੀ ਨੇ ਉਹਦੇ ਸਾਹ ਹੋਰ ਵੀ ਸੁਕਾ ਦਿਤੇ। ਉਹਦੀ ਮਾਂ ਭੈਣ ਸਭ ਥਾਣੇ ਬੰਦ ਸਨ। ਪੁਲਿਸ ਉਹਨੂੰ ਲੱਭਦੀ ਫਿਰਦੀ ਸੀ।

ਗੁੰਮ ਸੁੰਮ ਨੱਥੂ ਸਾਰੀ ਰਾਤ ਕੰਧਾਂ ਨਾਲ ਗੱਲਾਂ ਕਰਦਾ ਰਹਿੰਦਾ। ਮਾਸੂਮਾਂ ਦੇ ਖ਼ੂਨ ਡੁੱਲ੍ਹਣ ਵਿਚ ਭਾਈ-ਵਾਲੀ ਮਹਿਸੂਸ ਕਰਦਾ। ਰੋਂਦੇ ਕੁਰਲਾਂਦੇ ਬੱਚਿਆਂ ਅਤੇ ਵਿਧਵਾਵਾਂ ਦੇ ਕੀਰਨੇ ਉਹਦੇ ਦਿਲ 'ਚ ਖੋਹਾਂ ਪਾਉਣ ਲਗਦੇ।

ਪੰਦਰਾਂ ਦਿਨਾਂ 'ਚ ਮਸਾਂ ਉਹਨੇ ਆਪਣੇ ਆਪ ਨੂੰ ਸੰਭਾਲਿਆ। ਉਸ ਤੋਂ ਬਾਅਦ ਤਾਂ ਸੈਂਕੜੇ ਕਤਲ ਹੋ ਚੁੱਕੇ ਸਨ। ਪੰਜਾਬ ਦੇ ਕੋਨੇ ਕੋਨੇ ਵਿਚ ਇਹੋ ਹਾਲ ਹੈ। ਕਿਸੇ ਨੂੰ ਕੀ ਸੁਪਨਾ ਆਉਂਦਾ ਹੈ ਕਿ ਕੁਝ ਦਿਨ ਹਥਿਆਰਾਂ ਵਾਲਾ ਬੈਗ ਉਹਦੇ ਘਰ ਰਿਹਾ ਹੈ। ਸੁਪਨਾ ਆਇਆ ਹੁੰਦਾ ਤਾਂ ਹੁਣ ਤੱਕ ਕਦੋਂ ਦਾ ਉਹ ਵੀ ਥਾਣੇ ਪੁੱਜਾ ਹੁੰਦਾ।

ਦਿਨ ਬਹੁਤੇ ਨਹੀਂ ਸੀ ਗੁਜ਼ਰੇ ਜਦੋਂ ਇਕ ਸਵੇਰ ਘਰ ਮੁੜਦੇ ਨੱਥੂ ਨੂੰ ਨਹਿਰ ਦੀ ਪਟੜੀ ਤੇ ਹੁੰਦੀ ਪੁਲਿਸ ਦੀ ਦਗੜ ਦਗੜ ਨੇ ਡਰਾਇਆ। ਇਕ ਵਾਰ ਤਾਂ ਮਨ ਕੀਤਾ ਸਾਈਕਲ 'ਦੂਜੇ ਰਾਹ ਪਾ ਲਏ। ਫੇਰ ਚੋਰ ਦੀ ਦਾੜ੍ਹੀ 'ਚ ਤਿਣਕੇ ਵਾਲੀ ਗੱਲ ਸੋਚ ਕੇ ਉਹ ਅੱਗੇ ਵਧਦਾ ਰਿਹਾ।

ਅੱਗੇ ਉਹੋ ਹੋਇਆ ਪਿਆ ਸੀ ਜਿਸਦੀ ਉਹ ਕਲਪਨਾ ਕਰ ਰਿਹਾ ਸੀ। ਪੁਲਿਸ ਮੁਕਾਬਲੇ 'ਚ ਮਰੇ ਦੋ ਨੌਜਵਾਨਾਂ ਦੀਆਂ ਲਾਸ਼ਾਂ ਨੁਮਾਇਸ਼ ਲਈ ਰੱਖੀਆਂ ਗਈਆਂ ਸਨ। ਪੁਲਿਸ ਰਾਹ ਜਾਂਦੇ ਰਾਹੀਆਂ ਨੂੰ ਰੋਕ ਰੋਕ ਸ਼ਨਾਖ਼ਤ ਵਿਚ ਮਦਦ ਮੰਗ ਰਹੀ ਸੀ।

'ਇਕ ਤਾਂ ਮਿੰਦਰ ਹੈ..." ਆਪ ਮੁਹਾਰੇ ਇਕ ਚੀਕ ਜਿਹੀ ਉਹਦੇ ਅੰਦਰੋਂ ਨਿਕਲੀ।

ਭੀੜ ਨੇ ਕੌੜ ਕੌੜ ਅੱਖਾਂ ਨਾਲ ਉਸ ਵਲ ਇਉਂ ਤੱਕਿਆ ਜਿਵੇਂ ਉਹ ਮਿੰਦਰ ਕੇ ਗਰੋਹ ਦਾ ਮੈਂਬਰ ਹੋਵੇ।

ਇਕ ਲਾਸ਼ ਤਾਂ ਸ਼ਨਾਖ਼ਤ ਹੋ ਗਈ ਸੀ। ਪੁਲਿਸ ਚੁੱਪ ਸੀ। ਕਿਸੇ ਨੇ ਨੱਥੂ ਵੱਲ ਧਿਆਨ ਨਹੀਂ ਸੀ ਦਿਤਾ। ਸਗੋਂ ਝਿੜਕ ਕੇ ਉਹਨੂੰ ਘਰ ਵਲ ਤੋਰ ਦਿਤਾ।

ਉਸੇ ਰਾਤ ਇਕ ਹੋਰ ਦਸਤਕ ਹੋਈ ਸੀ। ਪਹਿਲੀ ਨਾਲੋਂ ਵੀ ਖ਼ਤਰਨਾਕ। ਇਹ ਪੁਲਿਸ ਵਲੋਂ ਸੀ।

ਉਸ ਦਸਤਕ ਦਾ ਖਿਆਲ ਆਉਂਦਿਆਂ ਹੀ ਉਹ ਗੰਦ ਦੇ ਢੇਰ ਵਿਚ ਗੱਡਿਆ ਮਹਿਸੂਸ ਕਰਦਾ ਹੈ। ਗੰਦ ਦਾ ਇਕ ਜਵਾਲਾ-ਮੁਖੀ ਉਸ ਅੰਦਰੋਂ ਫੁੱਟ ਪੈਂਦਾ ਹੈ। ਹਰ ਸਾਹ ਨਾਲ ਗੰਦ ਦੀ ਹਵਾੜ ਆਉਣ ਲੱਗਦੀ ਹੈ।

ਪਹਿਲੇ ਦਿਨ ਉਹਨਾਂ ਇਹੋ ਅਸਾਨ ਤਰੀਕਾ ਵਰਤਿਆ ਸੀ। ਮਿੰਦਰ ਦਾ ਬਿਆਨ ਉਹਨਾਂ ਦੇ ਹੱਥ ਵਿਚ ਸੀ। ਅੜਖੜ ਕਰਨ ਨੂੰ ਉਹ ਕਿਹੜਾ ਪੇਸ਼ਾਵਰ ਬਦਮਾਸ਼ ਸੀ। ਪਹਿਲੇ ਹੀ ਹੱਲੇ ਚੰਨੀ ਦਾ ਥਹੁ ਠਿਕਾਨਾ ਦਸ ਦੇਣਾ ਸੀ।

ਦੋ ਜਮਾਦਾਰ ਉਹਨੂੰ ਟੱਟੀਆਂ ਵੱਲ ਲੈ ਤੁਰੇ। ਗੰਦ ਦਾ ਭੱਠਲ ਭਰਾਉਣਾ ਉਹਨਾਂ ਦੀ ਜ਼ਿੰਮੇਂਵਾਰੀ ਸੀ।

"ਭਲੀ ਮਾਨਸੀ ਨਾਲ ਦਸ ਦੇ ਤੇਰੀ ਕੁੜੀ ਦਾ ਖਸਮ ਚੰਨੀ ਕਿਥੇ ਹੈ? ਨਹੀਂ ਤਾਂ ਗੰਦ ਨਾਲ ਲਿੱਪ ਦਿਉ...।" ਆਖਦੇ ਇਕ ਪਹਿਲਵਾਨਾਂ ਵਰਗੇ ਸਿਪਾਹੀ ਨੇ ਗਰਦਨੋਂ ਫੜ ਕੇ ਉਹਦਾ ਨੱਕ ਭੱਠਲ ਤੱਕ ਝੁਕਾਇਆ।

"ਜਿੰਨਾ ਮੈਨੂੰ ਪਤਾ ਸੀ ਮੈਂ ਦਸਤਾ ਮਾਈ ਬਾਪ... ਹੋਰ ਮੈਨੂੰ ਕੁਛ ਨੀ ਪਤਾ..." ਥਰ ਥਰ ਕੰਬਦੇ ਨੱਥੂ ਦੀ ਸੁੰਘਣ-ਸ਼ਕਤੀ ਜਵਾਬ ਦੇ ਚੁੱਕੀ ਸੀ।

ਨੱਥੂ ਦਾ ਜਵਾਬ ਤਸੱਲੀ ਬਖਸ਼ ਨਹੀਂ ਸੀ। ਜਦੋਂ ਹਥਿਆਰ ਇਥੋਂ ਗਏ ਸਨ ਤਾਂ ਇਹਨੂੰ ਪੂਰੀ ਪਲਾਨ ਦਾ ਵੀ ਪਤਾ ਹੋਏਗਾ।

ਹੱਥ ਪੈਰ ਬੰਨ੍ਹ ਕੇ ਉਹਦੇ ਮੂੰਹ ਵਿਚ ਗੰਦ ਭਰ ਦਿੱਤਾ ਗਿਆ। ਡੰਡਾ ਲਈ ਇਕ ਸਿਪਾਹੀ ਪਰ੍ਹਾਂ ਕੁਰਸੀ ਤੇ ਜਾ ਬੈਠਾ। ਕੁਝ ਬਕਨਾ ਹੋਵੇ ਤਾਂ ਇਸ਼ਾਰਾ ਕਰ ਦੇਵੇ। ਨਹੀਂ ਤਾਂ ਗੰਦ ਖਾਂਦਾ ਰਹੇ।

"ਓਏ ਇਹ ਦਹਿਸ਼ਤਗਰਦ ਨੇ...ਸੌਖੇ ਤਰੀਕੇ ਨਾਲ ਮੰਨਣ ਵਾਲੇ ਥੋੜਾ ਨੇ...ਇਹਨੂੰ ਘਟੋ ਘੱਟ ਮਸ਼ੀਨ ਲਾਉ...।" ਨੱਥੂ ਦੀ ਚੁੱਪ ਤੋਂ ਚਿੜ ਕੇ ਵੱਡੇ ਸਰਦਾਰ ਨੇ ਹੁਕਮ ਦਿਤਾ।

ਉਹਦੇ ਮੂੰਹ ਤੋਂ ਗੰਦ ਲਹੇ ਨੂੰ ਤਾਂ ਮਹੀਨੇ ਹੋ ਗਏ। ਪਰ ਰੋਮ ਰੋਮ ਵਿਚ ਸਮਾਈ ਬੂ ਕਿਸੇ ਵੀ ਸਾਬਣ ਨਾਲ ਨਹੀਂ ਗਈ। ਅੱਜ ਵੀ ਰੋਟੀ ਖਾਵੇ ਜਾਂ ਚਾਹ

ਪੀਵੇ ਉਹਨੂੰ ਲਗਦੈ ਉਹ ਗੰਦ ਨੂੰ ਹੀ ਮੂੰਹ ਮਾਰ ਰਿਹੈ।

ਕੱਪੜੇ ਲਾਹ ਕੇ ਕੰਬਲ ਤੇ ਲੇਟਨ ਤੱਕ ਉਹਨੂੰ ਪਤਾ ਨਹੀਂ ਸੀ ਲੱਗਿਆ ਉਹ ਕਿਹੜੀ ਮਸ਼ੀਨ ਤੇ ਚੜ੍ਹਨ ਲੱਗਾ ਹੈ। ਮੋਟੇ ਤਾਜ਼ੇ ਸਿਪਾਹੀ ਦੇ ਹੱਥ ਵਿਚ ਫੜੀ ਡਾਂਗ ਤੋਂ ਉਹ ਅੰਦਾਜ਼ਾ ਲਾ ਰਿਹਾ ਸੀ ਇਹ ਉਹਦੇ ਮੌਰਾਂ ਵਿਚ ਮੀਂਹ ਵਾਂਗ ਵਰ੍ਹੇਗੀ। ਡਾਂਗ ਫਰਨ ਲਈ ਤਾਂ ਇਕੋ ਬਹੁਤ ਸੀ। ਪੰਜਾਂ ਛੇਆਂ ਸਿਪਾਹੀਆਂ ਦਾ ਘੇਰਾ ਉਹਨੂੰ ਡਰਾ ਰਿਹਾ ਸੀ।

ਪੁਜ਼ੀਸ਼ਨਾਂ ਲੈਂਦੇ ਸਿਪਾਹੀਆਂ ਨੂੰ ਦੇਖ ਕੇ ਉਹਨੂੰ ਮਹਿਸੂਸ ਹੋਇਆ ਕੁਝ ਹੋਰ ਹੀ ਹੋਣ ਵਾਲਾ ਹੈ। ਦੋ ਨੇ ਉਹਨੂੰ ਡੌਲਿਆਂ ਤੋਂ ਕਾਬੂ ਕੀਤਾ, ਦੋ ਪੱਟਾਂ ਤੇ ਬੈਠ ਗਏ ਤੇ ਪੰਜਵਾਂ ਢੂੱਹੀ ਤੇ। ਹਿੱਲ ਜੁੱਲ ਦੀ ਕੋਈ ਗੁੰਜਾਇਸ਼ ਨਹੀਂ ਸੀ।

ਜਿਉਂ ਹੀ ਚਾਕੂ ਵਾਂਗ ਮਾਸ ਚੀਰਦੀ ਡਾਂਗ ਉਹਦੇ ਅੰਦਰ ਘੁਸਣ ਲੱਗੀ ਚੀਕਾਂ ਉਹਤੋਂ ਸਾਂਭ ਨਾ ਹੋਈਆਂ। ਮਣਾਂ ਮੂੰਹੀਂ ਬੋਝ ਥੱਲੇ ਦੱਬੇ ਨੱਥੂ ਨੂੰ ਛਟ-ਪਟਾਉਣ ਦਾ ਵੀ ਕੋਈ ਅਧਿਕਾਰ ਨਹੀਂ ਸੀ।

"ਹੋਰ ਧੱਕ ਅੰਦਰ.. ਪਾਕਿਸਤਾਨ ਹੋ ਕੇ ਆਇਆ ਲਗਦੈ...ਇਉਂ ਨਹੀਂ ਮੰਨਣ ਵਾਲਾ..." ਸੋਟੀ ਤੇ ਵਟਦੇ ਦਬਾਉ ਨੂੰ ਦੇਖਕੇ ਕੋਈ ਚਿਲਾਇਆ।

ਪਸੀਨੇ ਦਾ ਦਰਿਆ ਧਰਤੀ ਤੇ ਵਹਿ ਤੁਰਿਆ। ਘੁੰਮਣ ਘੇਰੀਆਂ ਨਾਲ ਧਰਤੀ ਘੁੰਮਣ ਲੱਗੀ। ਅੱਗੋਂ ਕੀ ਹੋਇਆ ਉਹਦੇ ਕੁਝ ਯਾਦ ਨਹੀਂ।

ਰਾਤ ਨੂੰ ਪਤਾ ਲੱਗਾ ਉਹ ਬੇਹੋਸ਼ ਹੋ ਗਿਆ ਸੀ।

ਬੇਹੋਸ਼ ਤਾਂ ਉਹ ਹੁਣ ਹਰ ਰੋਜ਼ ਹੁੰਦਾ ਹੈ। ਜਦੋਂ ਵੀ ਹਾਜਤ ਮਿਟਾਉਣ ਘਰ 'ਚ ਰੱਖੀਆਂ ਇੱਟਾਂ ਤੇ ਬੈਠਦਾ ਹੈ ਤਾਂ ਸਾਰੇ ਦਾ ਸਾਰਾ ਸਰੀਰ ਖਿਚਿਆ ਜਾਂਦਾ ਹੈ। ਅੰਦਰਲਾ ਅੰਦਰ ਹੀ ਰਹਿ ਜਾਂਦਾ ਹੈ। ਮਾੜਾ ਮੋਟਾ ਕੁਝ ਨਿਕਲਦਾ ਵੀ ਹੈ ਤਾਂ ਚਾਕੂਆਂ ਦੇ ਗੁੱਛੇ ਵਾਂਗ ਸਰੀਰ ਨੂੰ ਚੀਰ ਸੁੱਟਦਾ ਹੈ। ਚੀਕਦਾਂ ਚਿਲਾਉਂਦਾਂ, ਅਲੇ ਜ਼ਖਮਾਂ ਨੂੰ ਉਤੇੜ ਉਹ ਮੰਜੇ ਤੇ ਆ ਡਿੱਗਦਾ ਹੈ। ਤਲਖ਼ ਯਾਦਾਂ ਦੇ ਕੌੜੇ ਘੁੱਟ ਭਰਨ ਲਈ।

ਮਸ਼ੀਨ ਲਗਵਾ ਕੇ ਦੋ ਦਿਨ ਉਹਨੂੰ ਅਰਾਮ ਲਈ ਮਿਲੇ।

ਥਾਣੇ 'ਚ ਪੈਂਦਾ ਚੀਕ ਚਿਹਾੜਾ ਉਹਨੂੰ ਆਪਣੇ ਨੰਬਰ ਦੀ ਯਾਦ ਦਵਾਉਂਦਾ ਰਹਿੰਦਾ। ਤੇਜ਼ ਹੋਈ ਦਿਲ ਦੀ ਧੜਕਨ ਨੂੰ ਕਾਬੂ ਰੱਖਣ ਦੇ ਯਤਨ ਕਰਦਾ ਕਈ ਵਾਰ ਉਹ ਬੁੜ ਬੁੜਾਉਣ ਲੱਗਦਾ।

ਘਰਦਿਆਂ ਤੇ ਉਹਨੂੰ ਡਾਢਾ ਗੁੱਸਾ ਸੀ। ਕਿਸੇ ਨੇ ਉਹਦੀ ਜ਼ਾਤ ਨਹੀਂ ਪੁੱਛੀ। ਚੌਧਰੀਆਂ ਨੇ ਵੀ ਨਹੀਂ। ਉਹਨਾਂ ਦੀ ਥਾਣੇ ਕਚਹਿਰੀਆਂ 'ਚ ਪੂਰੀ ਚਲਦੀ ਹੈ। ਚਾਹੁਣ ਤਾਂ ਭਾਵੇਂ ਸੱਚ ਮੁੱਚ ਦੇ ਅਤਿਵਾਦੀ ਨੂੰ ਛੁਡਾ ਲੈਣ। ਲੈ ਦੇ ਕਰਕੇ ਨੱਥੂ ਵਰਗੇ ਬਥੇਰੇ ਇਥੋਂ ਖਹਿੜਾ ਛੁਡਾ ਚੁੱਕੇ ਹਨ।

ਅਗਲੇ ਹੀ ਪਲ ਉਹ ਘਰਦਿਆਂ ਨੂੰ ਬਰੀ ਕਰ ਦਿੰਦਾ। ਉਹਨਾਂ ਨੂੰ ਕੀ ਪਤਾ ਹੁਣੇ ਉਹ ਕਿਥੇ ਹੈ। ਉਹਨੂੰ ਤਾਂ ਖੁਦ ਨੂੰ ਨਹੀਂ ਪਤਾ ਉਹ ਕਿਹੜੀ ਥਾਂ ਹੈ। ਕਿਸੇ ਪਿੰਡ ਵਿਚ ਹੈ, ਸ਼ਹਿਰ ਵਿਚ ਜਾਂ ਜੰਗਲ ਵਿਚ? ਉੱਚੀਆਂ ਉੱਚੀਆਂ ਕੰਧਾਂ, ਭਾਂਤ ਭਾਂਤ ਦੇ ਹਥਿਆਰਾਂ ਨਾਲ ਲੈਸ ਸਿਪਾਹੀਆਂ ਅਤੇ ਨੱਥੂ ਵਰਗੇ ਦਹਿਸ਼ਤਗਰਦਾਂ ਤੋਂ ਬਿਨਾਂ ਇਥੇ ਕੁਝ ਨਜ਼ਰ ਨਹੀਂ ਆਉਂਦਾ।

ਜਦੋਂ ਉਹ ਥੋੜਾ ਜਿਹਾ ਤੁਰਨ ਫਿਰਨ ਜੋਗਾ ਹੋਇਆ ਤਾਂ ਉਹਨੂੰ ਡਿਪਟੀ ਦੇ ਪੇਸ਼ ਕੀਤਾ ਗਿਆ।

ਨੱਥੂ ਦੀ ਮਿਸਲ ਪੜ੍ਹਦਿਆਂ ਹੀ ਉਹਦੀਆਂ ਅੱਖਾਂ ਚੀਤੇ ਵਾਂਗ ਚਮਕ ਪਈਆਂ। ਕੰਨ ਲਾਲ ਹੋ ਗਏ, ਭਰਵੱਟੇ ਚੜ੍ਹ ਗਏ ਤੇ ਬੁਲ੍ਹ ਫਰਕਨ ਲੱਗੇ!

"ਤਾਂ ਇਹ ਕੁਝ ਵੀ ਨਹੀਂ ਬਕ ਰਿਹਾ ਹਰਾਮ-ਜ਼ਾਦਾ...।" ਉਹਦੀ ਮੇਜ ਤੇ ਪਿਆ ਡੰਡਾ ਅਚਾਨਕ ਹੀ ਨੱਥੂ ਦੇ ਸਿਰ 'ਚ ਵਰ੍ਹਨ ਲੱਗਾ। ਇਕ ਵਾਰ ਫੇਰ ਭੰਬੂ ਤਾਰੇ ਉਹਦੀਆਂ ਅੱਖਾਂ ਅਗੇ ਨੱਚਣ ਲੱਗੇ ਤੇ ਉਹ ਬੇ-ਹੋਸ਼ ਹੁੰਦਾ ਹੁੰਦਾ ਮਸਾਂ ਬਚਿਆ।

ਘੋਟਾ, ਮੰਜਾ ਅਤੇ ਸ਼ਕੰਜਾ ਜਦੋਂ ਸਭ ਉਹਤੋਂ ਇਕਬਾਲ ਕਰਾਉਣ ਵਿਚ ਅਸਫਲ ਹੋ ਗਏ ਤਾਂ ਆਖਰੀ ਦੌਰ ਦਾ ਹੁਕਮ ਹੋਇਆ।

ਅੱਠ ਦਿਨ ਥਾਣੇ ਰਹਿ ਕੇ, ਅੰਗ ਅੰਗ ਕੁਟਵਾ ਉਹ ਥਾਣੇ ਦੀ ਸ਼ਬਦਾਵਲੀ ਚੰਗੀ ਤਰ੍ਹਾਂ ਸਮਝਣ ਲੱਗਾ ਸੀ। ਆਖਰੀ ਪੜਾਅ ਰੱਸਾ ਸੀ! ਰੱਸਾ ਕਿਵੇਂ ਵਰਤਿਆ ਜਾਏਗਾ ਉਹਨੂੰ ਪੂਰਾ ਇਲਮ ਸੀ। ਦੋਹਾਂ ਹੱਥਾਂ ਨੂੰ ਪਿੱਠ ਤੇ ਲਿਜਾ ਕੇ ਰੱਸੇ ਦਾ ਇਕ ਸਿਰਾ ਗੁੱਟਾਂ ਨਾਲ ਬੰਨਿਆ ਜਾਏਗਾ! ਦਰਖ਼ਤ ਦੇ ਟਾਹਣੇ ਉੱਪਰ ਦੀ ਹੁੰਦੇ ਦੂਸਰੇ ਸਿਰੇ ਨੂੰ ਖਿੱਚਿਆ ਜਾਏਗਾ। ਸਰੀਰ ਦਾ ਸਾਰਾ ਬੋਝ ਜਦੋਂ ਜੜੋਂ ਉੱਖੜ ਰਹੇ ਮੌਰਾਂ ਤੇ ਪਏਗਾ ਤਾਂ ਉਹ ਚੀਕੇਗਾ, ਚਿਲਾਏਗਾ ਅਤੇ ਜ਼ਖਮੀ ਚਿੜੀ ਵਾਂਗ ਫੜ ਫੜਾਏਗਾ। ਕੁਝ ਕੁ ਮਿੰਟਾਂ ਬਾਅਦ ਜਾਂ ਉਹ ਕੁਝ ਬਕੇਗਾ ਜਾਂ ਹੰਭ ਕੇ ਗਰਦਨ ਲਟਕਾ ਦੇਵੇਗਾ। ਫਰ ਉਹਨੂੰ ਹੇਠਾਂ ਲਾਹਿਆ ਜਾਏਗਾ। ਮਾਲਸ਼ਾਂ ਕਰਕੇ, ਕੋਸਾ ਕੋਸਾ ਦੁੱਧ ਪਿਲਾ ਕੇ ਅਗਲੀ ਕਾਰਵਾਈ ਲਈ ਤਿਆਰ ਕੀਤਾ ਜਾਏਗਾ।

ਨੱਥੂ ਚਾਹੁੰਦਾ ਸੀ ਜਲਦੀ ਜਲਦੀ ਸਾਰੇ ਤਰੀਕੇ ਉਹਦੇ ਤੇ ਅਜ਼ਮਾ ਲਏ ਜਾਣ। ਤਾਂ ਜੋ ਫਰ ਉਹਨੂੰ ਵੀ ਖ਼ਤਰਨਾਕ ਦਹਿਸ਼ਤਗਰਦ ਗਰਦਾਨ ਕੇ ਕਿਸੇ ਨਹਿਰ ਕਿਨਾਰੇ ਲਿਜਾ ਕੇ ਗੋਲੀਆਂ ਮਾਰ ਦਿਤੀਆਂ ਜਾਣ।

ਮੌਤ ਨੂੰ ਉਹ ਬੇਸਬਰੀ ਨਾਲ ਉਡੀਕ ਰਿਹਾ ਸੀ। ਇਥੇ ਤਾਂ ਖੁਦਕੁਸ਼ੀ ਦਾ ਵੀ ਕੋਈ ਵਸੀਲਾ ਨਹੀਂ ਸੀ।

ਰੱਸੇ ਨਾਲ ਲਟਕ ਕੇ ਉਹਨੇ ਹਾਲੇ ਪਹਿਲੀ ਚੀਕ ਹੀ ਮਾਰੀ ਸੀ ਕਿ ਇਕ ਕਰਾਮਾਤ ਜਿਹੀ ਹੁੰਦੀ ਉਹਨੂੰ ਨਜ਼ਰ ਆਈ। ਅੱਖਾਂ ਅਗੇ ਛਾਈ ਧੁੰਧ ਵਿਚੋਂ ਉਹਨੂੰ ਡਿਪਟੀ ਨਾਲ ਖੜੇ ਚੌਧਰੀਆਂ ਦੇ ਛੋਟੇ ਕਾਕੇ ਦਾ ਝਉਲਾ ਪਿਆ। ਛਾਂ ਛਾਂ ਕਰਦੇ ਕੰਨਾਂ ਨੇ ਸੁਣਿਆ ਜਿਵੇਂ ਚੌਧਰੀ ਪੁੱਛ ਰਿਹਾ ਹੋਵੇ :

"ਜੇ ਤੂੰ ਸੱਚਾ ਏਂ ਤਾਂ ਮੈਂ ਛੁਡਾਵਾਂ...।"

ਡਿਪਟੀ ਦੇ ਇਸ਼ਾਰੇ ਤੇ ਰੱਸਾ ਢਿੱਲਾ ਹੋਇਆ। ਨੱਥੂ ਦੇ ਪੈਰ ਜ਼ਮੀਨ ਤੇ ਆ ਟਿਕੇ। ਹੱਥਾਂ ਦਾ ਸਹਾਰਾ ਲੈ ਕੇ ਉਹ ਜ਼ਮੀਨ ਤੇ ਬੈਠ ਗਿਆ।

"ਤੈਨੂੰ ਪਤੈ ਇਹ ਗੋਲੀ ਵੀ ਮਾਰ ਸਕਦੇ ਨੇ...।" ਡਿਪਟੀ ਨੂੰ ਦਫ਼ਤਰ ਵਲ ਜਾਂਦਾ ਦੇਖਕੇ ਚੌਧਰੀ ਨੇ ਦੁਬਾਰਾ ਗੱਲ ਤੋਰੀ।

"ਡਿਪਟੀ ਮੇਰਾ ਮਿੱਤਰ ਹੈ......ਉਸੇ ਨੇ ਮੈਨੂੰ ਬੁਲਾਇਆ...ਸੇਵਾ ਕਰਨੀ ਪਊ...ਮੈਂ ਘੱਟ ਵਿਚ ਸਾਰ ਦਿਊਂ...।"

"ਮੈਨੂੰ ਇਥੋਂ ਕੱਢੋ...ਜਿਵੇਂ ਮਰਜ਼ੀ ਕਰੋ...ਮੈਥੋਂ ਹੋਰ ਨਹੀਂ ਸਹਾਰ ਹੁੰਦਾ...ਜਾਂ ਫੇਰ ਗੋਲੀ ਮਰਵਾ ਦਿਉ...।" ਬਹੁਤਾ ਉਹਤੋਂ ਬੋਲ ਨਾ ਹੋਇਆ। ਧਕ ਧਕ ਕਰਦੇ ਦਿਲ ਦੀ ਧੜਕਨ ਇਕ ਦਮ ਬੰਦ ਹੋਣ ਲੱਗ ਪਈ ਸੀ।

ਮੁੜ ਜਦੋਂ ਉਹਨੇ ਅੱਖ ਪੁੱਟੀ ਉਹ ਆਪਣੇ ਘਰ ਸੀ। ਬੁੱਢਾ ਬਾਪ ਵਾਹਿਗੁਰੂ ਵਾਹਿਗੁਰੂ ਕਰਦਾ ਉਹਦਾ ਸਿਰ ਝੱਸ ਰਿਹਾ ਸੀ। ਧੰਨੋ ਤਲੀਆਂ ਨੂੰ ਟਕੋਰ ਕਰ ਰਹੀ ਸੀ ਤੇ ਡਰੇ ਸਹਿਮੇ ਬੱਚੇ ਬਿਟਰ ਬਿਟਰ ਤੱਕ ਰਹੇ ਸਨ।

"ਚੌਧਰੀਆਂ ਨੇ ਪਹਿਲਿਉਂ ਤਿੰਨ ਹਜ਼ਾਰ ਦੇ ਕੇ ਤੇਰੀ ਜਿੰਦ ਬਖਸ਼ਾਈ। ਨਹੀਂ ਤਾਂ ਉਹਨਾਂ ਮੁਕਾਬਲਾ ਕਹਿਕੇ ਤੈਨੂੰ ਮਾਰਨ ਦਾ ਸਾਰਾ ਇੰਤਜ਼ਾਮ ਕਰ ਲਿਆ ਸੀ।" ਥੋੜਾ ਜਿਹਾ ਵੱਲ ਹੋਣ ਤੇ ਬਾਪੂ ਨੇ ਚੌਧਰੀਆਂ ਦੀਆਂ ਮਿਹਰਬਾਨੀਆਂ ਦੇ ਪੁੱਲ ਬੰਨ੍ਹਦਿਆਂ ਦਸਿਆ ਸੀ।

ਤੇ ਉਹਨਾਂ ਹੀ ਮਿਹਰਬਾਨੀਆਂ ਕਰਕੇ ਅੱਜ ਕੱਲ੍ਹ ਤੀਸਰੀ ਦਸਤਕ ਹੁੰਦੀ ਹੈ। ਪਹਿਲੀਆਂ ਨਾਲੋਂ ਵੀ ਡਰਾਉਣੀ। ਇਹ ਦਿਨ ਦਿਹਾੜੇ ਹੁੰਦੀ ਹੈ, ਦਿਨ 'ਚ ਕਈ ਕਈ ਵਾਰ ਹੁੰਦੀ ਹੈ। ਚੌਧਰੀਆਂ ਦੀ ਕਿਸੇ ਨਾ ਕਿਸੇ ਨਵੀਂ ਵਗਾਰ ਦਾ ਸੁਨੇਹਾ ਲੈ ਕੇ ਆਉਂਦੀ ਹੈ, ਸਿਰ ਚੜ੍ਹੇ ਕਰਜ਼ੇ ਦੀ ਯਾਦ ਦਵਾਉਂਦੀ ਹੈ।

ਜ਼ੁੱਬੜ 'ਚ ਦੁਬਕਿਆ ਨੱਥੂ ਸਭ ਕੁਝ ਜਰਦਾ ਰਹਿੰਦਾ ਹੈ।

ਨਵੀਂ ਦਸਤਕ ਤੋਂ ਖਹਿੜਾ ਛੁਡਾਉਣ ਲਈ ਬਾਪੂ ਨੇ ਬੈਟਰੀ ਤੇ ਡਾਂਗ ਚੁੱਕ ਲਈ ਹੈ। ਮਸ਼ੀਨਾਂ ਤੇ ਕੰਮ ਕਰਨਾ ਤਾਂ ਉਹਦੇ ਵਸ ਦਾ ਨਹੀਂ ਚੌਕੀਦਾਰਾ ਤਾਂ ਕਰ ਹੀ ਸਕਦਾ ਹੈ।

ਧੰਨੋ ਮਾਲਕਾਂ ਦੀ ਕੋਠੀ ਦੀ ਸਫਾਈ ਕਰਨ ਜਾਂਦੀ ਹੈ। ਕੱਪੜੇ ਧੋਂਦੀ ਤੇ ਭਾਂਡੇ ਮਾਂਜਦੀ ਹੈ। ਆਖ਼ਿਰ ਚੌਧਰੀਆਂ ਦਾ ਉਹਨਾਂ ਤੇ ਅਹਿਸਾਨ ਹੈ।

ਬੰਸੋ ਨੇ ਕਿਤਾਬਾਂ ਵਾਲਾ ਝੋਲਾ ਕੀਲੇ ਤੇ ਟੰਗ ਦਿਤਾ ਹੈ। ਭੱਠ ਪਏ ਇਹੋ ਜਿਹੀ ਪੜ੍ਹਾਈ। ਚੁੱਲ੍ਹਾ ਮਘਦਾ ਰੱਖਣ ਲਈ ਉਹ ਧਾਗਾ ਮਿੱਲ ਜਾਣ ਲੱਗੀ ਹੈ।

ਹੱਡਾਂ ਦੇ ਮੁੜ ਨਰੋਏ ਹੋਣ ਦੀ ਆਸ ਲਈ ਅੰਦਰ ਪਿਆ ਨੱਥੂ ਸੋਚਦਾ ਰਹਿੰਦਾ ਹੈ ਕਿ ਆਖ਼ਿਰ ਦਹਿਸ਼ਤਗਰਦ ਕੌਣ ਹੈ ? ਚੰਨੀ, ਉਹ, ਡਿਪਟੀ ਜਾਂ ਫੇਰ ਚੌਧਰੀ ?

0

---

ਪਾਠਕ ਲੇਖਕ ਫੋਰਮ

## ਇਕ ਚਿੱਠੀ ਤੇ ਇਕ ਲੇਖ

ਸਾਨੂੰ ਕਾਮਰੇਡ ਮਾਲਵਿੰਦਰ ਮਾਲੀ ਵਲੋਂ ਇਕ ਚਿੱਠੀ ਅਤੇ ਇਕ ਲੇਖ ਮਿਲੇ ਹਨ। ਇਹਨਾਂ ਨੂੰ ਅਸੀਂ ਇਥੇ ਸਮਤਾ ਦੇ ਪਾਠਕਾਂ ਲਈ ਦੇ ਰਹੇ ਹਾਂ। ਸਮਤਾ ਦੇ ਕਾਲਮ ਕਮਿਊਨਿਸਟ ਇਨਕਲਾਬੀਆਂ ਨੂੰ ਦਰਪੇਸ਼ ਮਸਲਿਆਂ ਬਾਰੇ ਬਹਿਸ ਲਈ ਹਮੇਸ਼ਾਂ ਹਾਜ਼ਰ ਹੁੰਦੇ ਹਨ, ਕਿਉਂਕਿ ਵਿਚਾਰਾਂ ਦੀ ਭੇੜ ਵਿਚ ਹੀ ਸਿਧਾਂਤ ਨਿਖਰਦਾ ਹੈ। ਸੰਖੇਪ ਲਿਖਤਾਂ ਨੂੰ ਅਸੀਂ ਜੀ ਆਇਆਂ ਆਖਾਂਗੇ/ਸੰਪਾਦਕ

ਸਾਥੀ ਗੁਰਸ਼ਰਨ ਸਿੰਘ ਜੀ,

'ਸਮਤਾ' ਰਾਹੀਂ ਜ਼ਾਹਰ ਹੋ ਰਹੇ ਪਾਠਕਾਂ ਦੇ ਵਿਚਾਰਾਂ, ਰਾਵਾਂ ਤੇ ਪ੍ਰਤੀਕਰਮਾਂ ਤੋਂ ਪਤਾ ਚਲਦਾ ਹੈ ਕਿ ਇਨਕਲਾਬੀ ਲਹਿਰ ਦੇ ਹਮਦਰਦ ਘੇਰਿਆਂ ਅੰਦਰ ਇਕ ਨਵੀਂ ਸੋਝੀ ਤੇ ਚੇਤਨਾ ਜਨਮ ਲੈ ਰਹੀ ਹੈ। ਭਾਵੇਂ ਅੱਜ ਵੀ ਕੁਝ ਹਿੱਸੇ ਸਵੈ-ਸੰਤੁਸ਼ਟੀ ਤੇ ਸਵੈ-ਭੁਲੇਖਿਆਂ 'ਚ ਗਲਤਾਨ ਰਹਿਣ ਦੀ ਬੇਥਾਹ ਸਮਰਥਾ ਦਾ ਮੁਜ਼ਾਹਰਾ ਕਰ ਰਹੇ ਹਨ, ਪਰ ਜ਼ਿਆਦਾਤਰ ਕਰਿੰਦਿਆਂ ਅੰਦਰ ਇਕ ਦੂਜੇ ਵਿਰੁੱਧ ਗ਼ੈਰਜ਼ੁੰਮੇਵਾਰਾਨਾ ਢੰਗ ਨਾਲ ਭੰਡੀ ਪਰਚਾਰ ਤੇ ਦੂਸ਼ਣਬਾਜ਼ੀ ਵਿਚ ਸ਼ਕਤੀ ਜ਼ਾਇਆ ਕਰਨ ਦੀ ਬਜਾਇ ਸਮੁੱਚੀ ਲਹਿਰ ਦੇ ਪੀੜ੍ਹੇ ਹੇਠ ਸੋਟਾ ਫੇਰਨ ਦਾ ਅਹਿਸਾਸ-ਤਿੱਖਾ ਹੋਣਾ ਸ਼ੁਰੂ ਹੋਇਆ ਹੈ। ਇਸ ਨਵੇਂ

ਰੁਝਾਣ ਤੇ ਜਾਗਰਤੀ ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ।

ਇਨਕਲਾਬੀ ਲਹਿਰ ਦਾ ਸੰਕਟ ਕਿਸੇ ਬਿਆਨ ਵਰਨਣ ਦਾ ਮੁਥਾਜ ਨਹੀਂ। ਇਸ ਸੰਕਟ ਉਤੇ ਸਿਰਫ ਕੀਰਨੇ ਪਾਈ ਜਾਣੇ ਬੇਕਾਰ ਹਨ। ਲੋੜ ਹੈ ਲਹਿਰ ਨੂੰ ਸੰਕਟ-ਮੁਕਤ ਕਰਾਉਣ ਲਈ ਇਨਕਲਾਬੀ ਜੇਰੇ ਤੇ ਉਦਮ ਦੀ। ਤਜਰਬਾ ਦਰਸਾਉਂਦਾ ਹੈ ਕਿ ਇਹ ਕੰਮ ਕਿਸੇ ਵੀ ਤਰ੍ਹਾਂ ਸਹਿਲ ਨਹੀਂ। ਪੁਰਾਣੇ ਨੀਤੀ-ਨਿਰਣਿਆਂ ਉਤੇ ਕਿੰਤੂ ਕਰਨ ਤੇ ਇਹਨਾਂ ਨੂੰ ਪਰਖ-ਪੜਚੋਲ ਹੇਠ ਲਿਆਉਣ ਦੀ ਜੱਦੋਜਹਿਦ, ਅਸਲ ਵਿਚ, ਪ੍ਰੋਲੇਤਾਰੀ ਇਨਕਲਾਬੀ ਲਹਿਰ ਅੰਦਰ ਫੈਲੇ ਅੰਧ ਵਿਸ਼ਵਾਸ਼ ਤੇ ਹਨ੍ਹੇਰਪੰਥ ਵਿਰੁੱਧ ਜੱਦੋਜਹਿਦ ਹੈ। ਲਹਿਰ ਦੀ ਸਿਹਤਯਾਬੀ ਲਈ ਇਹ ਜੱਦੋਜਹਿਦ, ਕਠਨ ਤੇ ਗੁੰਝਲ-ਦਾਰ ਹੋਣ ਦੇ ਬਾਵਜੂਦ, ਅਤਿਅੰਤ ਜ਼ਰੂਰੀ ਹੈ। ਅੰਧ-ਵਿਸ਼ਵਾਸ਼ ਦੇ ਧਾਰਨੀਆਂ ਵਲੋਂ ਇਸ ਜੱਦੋਜਹਿਦ ਵਿਰੁੱਧ ਪਾਇਆ ਜਾ ਰਿਹਾ ਚੀਕ-ਚਿਹਾੜਾ ਅਤੇ ਬੁਖਲਾਹਟ ਭਰੀ ਗਾਲੀ-ਗਲੋਚ ਕੋਈ ਅਲੋਕਾਰੀ ਗੱਲ ਨਹੀਂ। ਹਨ੍ਹੇਰੇ ਦੇ ਕੜ ਇਸੇ ਚੀਕਵੇਂ ਖੜਾਕ ਨਾਲ ਹੀ ਟੁੱਟਿਆ ਕਰਦੇ ਹਨ।

ਸਾਡੇ ਮੱਤ ਅਨੁਸਾਰ ਇਨਕਲਾਬੀ ਸਫ਼ਾਂ ਅੰਦਰ ਜਾਗੀ ਇਸ ਨਵੀਂ ਸੋਝੀ ਨੂੰ ਸੁਚੇਤ ਅਤੇ ਵਿਉਂਤਬੱਧ ਰੂਪ 'ਚ ਸਹੀ ਦਿਸ਼ਾ ਮੁਹੱਈਆ ਕਰਨਾ ਅਤਿ ਜ਼ਰੂਰੀ ਹੈ। ਇਹ ਸਿਰਫ ਤਾਂ ਹੀ ਹੋ ਸਕੇਦਾ ਹੈ ਜੇਕਰ ਅਸੀਂ ਸਾਰੇ ਰਲਕੇ, ਚੇਤੰਨ ਰੂਪ 'ਚ ਬਹਿਸ ਨੂੰ ਉਭਰਵੇਂ ਸਿਧਾਂਤਕ ਤੇ ਸਿਆਸੀ ਨੁਕਤਿਆਂ ਉਤੇ ਕੇਂਦਰਤ ਕਰੀਏ। ਇਹ ਬਹਿਸ ਬੇਲਿਹਾਜ਼ ਪਰ ਸਵੱਛ ਹੋਣੀ ਚਾਹੀਦੀ ਹੈ। ਗਰੁੱਪ ਮਾਨਸਿਕਤਾ ਦਾ ਇਕ ਗੰਭੀਰ ਰੋਗੀ ਲੱਛਣ, ਸਫਾਂ ਅੰਦਰ ਇਕ ਦੂਜੇ ਵਿਰੁੱਧ ਫੈਲੀ ਨਫ਼ਰਤ ਤੇ ਤੁਅੱਸਬਾਂ ਦੀ ਹਬਾੜ੍ਹ ਹੈ। ਇਹ ਗੱਲ ਕਹਿਣ ਵਿਚ ਕੋਈ ਝਿੱਜਕ ਨਹੀਂ ਹੋਣੀ ਚਾਹੀਦੀ ਕਿ ਇਕ ਗਰੁੱਪ ਦੇ ਹਮਾਇਤੀ ਘੇਰਿਆਂ ਦੁਆਲੇ ਦੂਜਿਆ ਪ੍ਰਤੀ ਉਸਰੀ ਤੁਅੱਸਬਾਂ ਦੀ ਇਹ ਵਾੜ, ਬਹੁਤੀਆਂ ਹਾਲਤਾਂ ਵਿਚ, "ਗਰੁੱਪ ਸਰਦਾਰਾਂ" ਦੀ ਸੋਚੀ-ਸਮਝੀ ਨੀਤੀ ਦਾ ਸਿੱਟਾ ਹੁੰਦੀ ਹੈ। ਇਸ ਹਾਲਤ ਨੂੰ ਜਿਉ-ਦੀ-ਤਿਉ ਬਣਾਈ ਰੱਖਣ 'ਚ "ਗਰੁੱਪ ਸਰਦਾਰਾਂ" ਦੇ ਸੁਆ-ਰਥੀ ਹਿਤ ਸਮੋਏ ਹੁੰਦੇ ਹਨ। ਸੋ ਇਸ ਹਾਲਤ ਨੂੰ ਤਬਦੀਲ ਕਰਨ ਲਈ ਬੜੇ ਹੀ ਸਿਰੜੀ ਯਤਨ ਤੇ ਉਪਰਾਲੇ ਦਰਕਾਰ ਹਨ। ਅੰਧ-ਵਿਸ਼ਵਾਸ਼ ਦੇ ਧਾਰਨੀਆਂ ਵਲੋਂ, ਅਜਿਹੇ ਸੁਹਿਰਦ ਯਤਨਾਂ ਦਾ ਝੱਲਿਆਇਆ ਵਿਰੋਧ ਸੁਭਾਵਕ ਤੇ ਲਾਜ਼ਮੀ ਹੈ।

ਲਹਿਰ ਅੰਦਰ ਸਿਹਤਮੰਦ ਲੀਹਾਂ ਉਤੇ ਸਿਧਾਂਤਕ ਵਿਚਾਰ-ਵਟਾਂਦਰੇ ਦਾ ਅਮਲ ਤੋਰਨ ਲਈ ਅਸੀਂ ਤੁਹਾਡੇ ਸਾਹਮਣੇ ਇੱਕ ਤਜਵੀਜ਼ ਰੱਖਣ ਲਗੇ ਹਾਂ। ਇਸ ਤਜਵੀਜ਼ ਅਨੁਸਾਰ ਹਰ ਧਿਰ ਨੂੰ ਲਹਿਰ ਅਗੇ ਦਰਪੇਸ਼ ਸਿਧਾਂਤਕ ਸੁਆਲਾਂ ਬਾਰੇ ਲਿਖਤੀ ਰੂਪ 'ਚ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਜਾਵੇ। ਇਕ ਮੌਕੇ ਸਿਰਫ਼ ਇਕ ਨੁਕਤੇ ਨੂੰ ਹੀ ਲਿਆ ਜਾਵੇ ਤਾਂ ਬਿਹਤਰ ਹੋਵੇਗਾ। ਇਹ ਲਿਖਤ ਮੰਦੀ ਭਾਸ਼ਾ ਤੇ ਗਾਲੀ-ਗਲੋਚ ਤੋਂ ਪੂਰੀ ਤਰ੍ਹਾਂ ਮੁਕਤ ਹੋਣੀ ਚਾਹੀਦੀ ਹੈ। ਬਹਿਸ ਅੰਦਰ ਦਾਖਲੇ ਲਈ ਇਸ ਨੂੰ ਲਾਜ਼ਮੀ ਸ਼ਰਤ ਬਣਾਇਆ ਜਾਣਾ ਚਾਹੀਦਾ ਹੈ। ਇਸ ਲਿਖਤ ਦਾ ਅਕਾਰ ਚਾਰ ਤੋਂ ਛੇ ਸਫਿਆਂ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਕ ਮੌਕੇ, 'ਸਮਤਾ' ਅੰਦਰ, ਇਕ ਧਿਰ ਦਾ ਪੱਖ ਛਾਪਿਆ ਜਾਵੇ। ਜੇਕਰ 'ਸਮਤਾ' ਲਈ ਕੋਈ ਆਰਥਕ ਜਾਂ ਹੋਰ ਦਿੱਕਤ ਆਉਂਦੀ ਹੈ ਤਾਂ ਇਹ ਲਿਖਤਾਂ Sponsored ਵੀ ਹੋ ਸਕਦੀਆਂ ਹਨ। ਅਗਲੀ ਵੇਰ, ਇਸ ਲਿਖਤ ਉਤੇ ਅੱਡ ਅੱਡ ਧਿਰਾਂ ਦੇ ਪ੍ਰਤੀਕਰਮ ਛਾਪੇ ਜਾਣ। ਇਹ ਪ੍ਰਤੀਕਰਮ ਅਸਲੀ ਨੁਕਤੇ ਵੱਲ ਹੀ ਸੇਧਤ ਰਹਿਣੇ ਚਾਹੀਦੇ ਹਨ। ਸੰਪਾਦਕ ਕੋਲ ਇਹਨਾਂ ਪ੍ਰਤੀਕਰਮਾਂ ਨੂੰ ਸੰਪਾਦਤ ਕਰਨ ਦਾ ਸੁਤੰਤਰ ਅਧਿਕਾਰ ਹੋਣਾ ਚਾਹੀਦਾ ਹੈ। ਅਜਿਹੇ ਪ੍ਰਤੀਕਰਮਾਂ ਤੋਂ ਬਾਅਦ ਸੰਬੰਧਤ ਧਿਰ ਨੂੰ ਇਕ ਵਾਰ ਫਿਰ ਆਪਣਾ ਜੁਆਬੀ ਪੱਖ ਪੇਸ਼ ਕਰਨ ਦਾ ਮੌਕਾ ਦਿਤਾ ਜਾਵੇ। ਇਸ ਤਰ੍ਹਾਂ, ਨੁਕਤਾ-ਦਰ-ਨੁਕਤਾ ਬਹਿਸ ਨੂੰ ਅਗੇ ਵਧਾਇਆ ਜਾ ਸਕਦਾ ਹੈ। ਸਿਰਫ਼ ਇਉਂ ਕੀਤਿਆਂ ਹੀ, ਅੱਡ-ਅੱਡ ਗਰੁੱਪਾਂ ਦੇ ਆਪਣੀ ਲੀਹ ਦੇ "ਸੌ ਫੀ ਸਦੀ ਦਰੁਸਤ" ਹੋਣ ਦੇ ਬੁਲੰਦ ਬਾਂਗ ਦਾਅਵਿਆਂ ਦੀ ਅਸਲੀਅਤ ਪਰਖੀ ਜਾ ਸਕਦੀ ਹੈ। ਜਿਹੜਾ ਵੀ ਗਰੁੱਪ, ਕਿਸੇ ਵੀ ਬਹਾਨੇ, ਇਸ ਬਹਿਸ ਚੋਂ ਲਾਂਭੇ ਰਹਿਣ ਦੀ ਕੋਸ਼ਿਸ਼ ਕਰੇਗਾ, ਉਸਦੀ ਕਮਜ਼ੋਰੀ ਤੇ ਬਦਨੀਤੀ ਸਾਫ਼ ਪਕੜੀ ਜਾ ਸਕੇਗੀ। ਕਿਸੇ ਵਿਰੁੱਧ ਚੰਗਾ ਮੰਦਾ ਬੋਲਣ ਜਾਂ ਮਿਹਣੋ ਮਿਹਣੀ ਹੋਣ ਦੀ ਕੋਈ ਲੋੜ ਨਹੀਂ। ਖਰੇ ਤੇ ਖੋਟੇ ਦੀ ਪਰਖ਼ ਬਹਿਸ ਦੇ ਮੈਦਾਨ ਅੰਦਰ ਆਪਣੇ ਆਪ ਹੋ ਜਾਵੇਗੀ।

ਇਸੇ ਯੋਜਨਾ ਤਹਿਤ ਅਸੀਂ ਇਸ ਵੇਰ ਆਪਣੀ ਇਕ ਲਿਖਤ ਤੁਹਾਨੂੰ ਭੇਜ ਰਹੇ ਹਾਂ! ਇਸ ਲਿਖਤ ਦਾ ਵਿਸ਼ਾ ਭਾਰਤ ਅੰਦਰ ਉਭਰ ਰਿਹਾ ਫਾਸ਼ੀਵਾਦ ਦਾ ਵਰਤਾਰਾ ਹੈ। ਸਾਡੇ ਵਿਚਾਰ ਅਨੁਸਾਰ, ਫਾਸ਼ੀਵਾਦ ਬਾਰੇ ਉਚੇ ਸ਼ੋਰ-ਸ਼ਰਾਬੇ ਦੇ ਬਾਵਜੂਦ, ਇਨਕਲਾਬੀ ਹਲਕਿਆਂ ਅੰਦਰ ਬੜੇ ਹੀ ਨੁਕਸਦਾਰ ਵਿਚਾਰ ਪ੍ਰਚੱਲਤ ਹਨ। ਇਹ ਮਸਲਾ ਕਿਉਂਕਿ ਸਾਡੇ ਇਨਕਲਾਬੀ ਅਭਿਆਸ ਨੂੰ ਬਹੁਤ ਹੀ ਗਹਿਰੇ ਤੇ ਸਿੱਧੇ ਰੂਪ 'ਚ ਪ੍ਰਭਾਵਤ ਕਰਦਾ ਹੈ, ਇਸ ਲਈ, ਇਸ ਉਤੇ ਬਹਿਸ

ਅਤਿ ਜ਼ਰੂਰੀ ਹੈ । ਅਸੀਂ ਲਿਖਤ ਨੂੰ ਵਿਚਾਰ-ਭੇਤ (polemical) ਦਾ ਰੂਪ ਦੇਣ ਦੀ ਬਜਾਇ ਪਾਜ਼ੇਟਿਵ ਸਟੇਟਮੈਂਟ ਦਾ ਰੂਪ ਹੀ ਦਿਤਾ ਹੈ ਇਸ ਵਿਚ ਪ੍ਰੋਫੈਸਰ ਰਨਧੀਰ ਸਿੰਘ ਦੇ ਲੇਖ ਵਿਚਲੇ ਉਹਨਾਂ ਨੁਕਤਿਆ ਦਾ ਜਵਾਬ ਵੀ ਆ ਗਿਆ ਹੈ ਜਿਹਨਾਂ ਨੂੰ ਅਸੀਂ ਗਲਤ ਸਮਝਦੇ ਹਾਂ । ਸਮੱਰਥਾ ਅਨੁਸਾਰ ਬੇਲੋੜੇ ਵਿਸਥਾਰ ਤੋਂ ਬਚਾਅ ਕੀਤਾ ਗਿਆ ਹੈ । ਜੇਕਰ ਤੁਸੀਂ ਸਾਡੀ ਇਸ ਤਜਵੀਜ਼ ਤੇ ਯੋਜਨਾ ਨੂੰ ਕਾਬਲੇ ਮਨਜ਼ੂਰ ਸਮਝਦੇ ਹੋ ਤਾਂ ਤੁਸੀਂ ਬਹਿਸ ਦਾ ਇਹ ਅਮਲ ਆਰੰਭ ਕਰ ਸਕਦੇ ਹੋ । ਜੇਕਰ, ਕਿਸੇ ਵੀ ਕਾਰਨ, ਤੁਸੀਂ ਸਾਡੇ ਇਸ ਸੁਝਾਅ ਨਾਲ ਮੁਤਫ਼ਿਕ ਹੋਣ ਤੋਂ ਅਸਮਰਥ ਹੋ ਤਾਂ ਤੁਸੀਂ ਬੇਲਿਹਾਜ਼ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰ ਸਕਦੇ ਹੋ । ਤੁਹਾਡੇ ਵਲੋਂ ਪਰਗਟ ਈ ਅਸਮਰਥਾ ਉਤੇ ਸਾਨੂੰ ਕੋਈ ਰੰਜਸ਼ ਨਹੀਂ ਹੋਵੇਗੀ । ਤੁਸੀਂ ਇਸ ਵਿਚਾਰ-ਵਟਾਂਦਰੇ ਨੂੰ ਜਾਤੀ ਜਾਂ ਖੁਲ੍ਹਮ-ਖੁਲ੍ਹਾ ਕੋਈ ਵੀ ਰੂਪ ਦੇ ਸਕਦੇ ਹੋ । ਇਹ ਤੁਹਾਡੀ ਸਮਝ ਤੇ ਇੱਛਾ ਤੇ ਨਿਰਭਰ ਹੈ । ਜੇਕਰ ਲਿਖਤ ਨੂੰ ਵਾਪਸ ਕਰਨ ਦੀ ਲੋੜ ਪਈ ਤਾਂ ਇਸ ਨੂੰ "ਸਕਰੋਦੀ" ਦੇ ਡਾਕ ਪਤੇ ਤੇ ਵਾਪਸ ਭੇਜ ਦਿੱਤਾ ਜਾਵੇ ।

ਉਸਾਰੂ ਸਹਿਯੋਗ ਦੀ ਭਾਵਨਾਂ ਨਾਲ -

ਤੁਹਾਡਾ ਆਪਦਾ

ਮਾਲਵਿੰਦਰ ਸਿੰਘ ਮਾਲੀ

## ਭਾਰਤ ਅੰਦਰ ਉਭਰ ਰਿਹਾ ਫਾਸ਼ੀਵਾਦ ਮਸਲੇ ਦੀ ਠੋਸ ਪੇਸ਼ਕਾਰੀ

**–ਅਜਮੇਰ ਸਿੰਘ**

ਕੌਮਾਂਤਰੀ ਕਮਿ: ਲਹਿਰ ਤੇ ਬੁਰਜੂਆ ਹਲਕਿਆਂ ਅੰਦਰ ਫਾਸ਼ੀਵਾਦ ਬਾਰੇ ਬਹੁਤ ਕੁੱਝ ਕਿਹਾ ਤੇ ਲਿਖਿਆ ਜਾ ਚੁੱਕਾ ਹੈ । ਇਥੇ, ਅਸੀਂ, ਇਸ ਵਰਤਾਰੇ ਦੇ ਕੁਝ ਕੁ ਸੰਬੰਧਤ ਪੱਖਾਂ 'ਤੇ ਹੀ ਕੇਂਦਰਤ ਕਰ ਰਹੇ ਹਾਂ ।

(1) ਫਾਸ਼ੀਵਾਦ ਸਰਕਾਰੀ ਜਬਰ ਵਲੋਂ ਵਧੇਰੇ ਵਹਿਸ਼ੀ ਰੂਪ ਅਖਤਿਆਰ ਕਰ ਲੈਣਾ ਹੀ ਨਹੀਂ ਹੁੰਦਾ । ਫਾਸ਼ੀਵਾਦ ਦਾ ਵਿਸ਼ੇਸ਼ ਲੱਛਣ ਲੁਟੇਰੇ ਹਾਕਮਾਂ ਵਲੋਂ ਕਿਸੇ ਅਤਿ ਪਿਛਾਖੜੀ ਤੱਤ ਵਾਲੇ ਧੂਹ-ਪਾਉਂਦੇ (Populist) ਨਾਹਰੇ (ਜਾਂ ਨਾਹਰਿਆਂ) ਨਾਲ ਲੋਕਾਂ ਦੀਆਂ ਪਛੜੀਆਂ ਭਾਵਨਾਵਾਂ ਨੂੰ ਤੂਲ ਦੇਣਾ ਅਤੇ ਇਸ ਆਧਾਰ 'ਤੇ ਲੋਕਾਂ ਦੇ ਕੁਝ ਹਿੱਸਿਆਂ (ਜ਼ਿਆਦਾ ਕਰਕੇ ਮੱਧ ਵਰਗ) ਨੂੰ ਅਤਿ ਘਿਨਾਉਣੇ ਹਕੂਮਤੀ ਜਬਰ ਦੇ ਪੱਖ ਵਿਚ ਲਾਮਬੰਦ ਕਰ ਲੈਣਾ ਹੁੰਦਾ ਹੈ । ਇਉਂ ਲੋਕਾਂ ਦੇ ਹੀ ਕੁੱਝ ਹਿੱਸਿਆਂ (ਜ਼ਿਆਦਾ ਕਰਕੇ ਮੱਧ ਵਰਗ) ਨੂੰ ਅਤਿ ਘਿਨਾਉਣੇ ਹਕੂਮਤੀ ਜਬਰ ਦੇ ਪੱਖ ਵਿਚ ਲਾਮਬੰਦ ਕਰ ਲੈਣਾ ਹੁੰਦਾ ਹੈ । ਇਉਂ ਲੋਕਾਂ ਦੇ ਹੀ ਕੁੱਝ ਹਿੱਸਿਆਂ ਦੀ ਸਰਗਰਮ ਹਮਾਇਤ ਨੇ ਸ਼ਮੂਲੀਅਤ ਸਦਕਾ ਰਾਜਕੀ ਮਸ਼ੀਨਰੀ ਦਾ ਦਮਨਕਾਰੀ ਲੱਛਣ, ਰੋਲ ਤੇ ਸਮਰੱਥਾ ਬਹੁਤ ਸੀ ਗੰਭੀਰ ਆਕਾਰ ਅਖਤਿਆਰ ਕਰ ਜਾਂਦਾ ਹੈ ।

(2) ਫਾਸ਼ੀਵਾਦ ਕਿਸੇ ਹਾਕਮ ਗੁੱਟ ਜਾ ਸ਼ਖਸੀਅਤ ਦੇ ਦਿਮਾਗ ਦੀ ਖਰਾਬੀ ਨਹੀਂ ਹੁੰਦਾ । ਨਾਂ ਹੀ ਇਹ ਮਹਿਜ਼ ਕਿਸੇ ਹੁਕਮਰਾਨ ਸ਼ਖਸ ਜਾ ਟੋਲੇ ਦੇ ਮਨ ਦਾ ਫਤੂਰ (ਜਾ ਜਨੂੰਨ) ਹੁੰਦਾ ਹੈ । ਫਾਸ਼ੀਵਾਦ, ਲਟੇਰੇ ਹੁਕਮਰਾਨ ਵਰਗ ਦਾ ਪੈਦਾ ਹੋਈ ਸੰਕਟਵਾਨ ਸਥਿਤੀ ਪ੍ਰਤੀ ਹੁੰਗਾਰਾ ਹੁੰਦਾ ਹੈ । ਭਾਵ, ਇਹ ਅਕਸਰ ਉਨ੍ਹਾਂ ਹਾਲਤਾਂ ਵਿਚ ਹੀ ਉਭਰਦਾ ਤੇ ਜ਼ੋਰ ਫੜਦਾ ਹੈ, ਜਦ, ਲੋਟੂ ਹਾਕਮ ਵਰਗ ਨੂੰ ਬਹੁਤ ਹੀ ਗੰਭੀਰ ਅਤੇ ਸਰਬਪੱਖੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ, ਜਦ ਲੁਟੇਰੇ ਅਤੇ ਜਾਬਰ ਰਾਜ-ਪ੍ਰਬੰਧ ਦੀ ਹੋਂਦ ਤੇ ਸਲਾਮਤੀ ਬਹੁਤ ਹੀ ਗੰਭੀਰ ਰੂਪ 'ਚ ਖਤਰੇ ਮੂੰਹ ਆਈ ਪਈ ਹੋਵੇ ।

(3) ਫਾਸ਼ੀਵਾਦ ਦਾ ਹਰ ਜਗ੍ਹਾ (ਯਾਨੀ ਕਿ ਹਰ ਦੇਸ਼ ਅੰਦਰ) ਕੋਈ ਇੱਕ-ਸਾਰ ਤੇ ਘੜਿਆ-ਘੜਾਇਆ ਸਰੂਪ ਨਹੀਂ ਹੁੰਦਾ । ਇਸ ਵਲੋਂ ਧਾਰਨ ਕੀਤਾ ਸਰੂਪ ਤੇ ਅਕਾਰ...ਅੱਡ ਅੱਡ ਹਾਲਤਾਂ 'ਤੇ ਨਿਰਭਰ ਕਰਦਾ ਹੈ । ਅਰਥਾਤ, ਤੱਤ ਦੀ ਸਾਂਝ ਦੇ ਬਾਵਜੂਦ, ਹਰ ਦੇਸ਼ ਅੰਦਰ ਫਾਸ਼ੀਵਾਦ ਆਪਣੇ ਕੁੱਝ ਵਿਸ਼ੇਸ਼ ਲੱਛਣ ਲੈ ਕੇ ਪਰਗਟ ਹੋਇਆ ਕਰਦਾ ਹੈ । ਇਹ ਲੱਛਣ ਮੌਜੂਦ ਠੋਸ ਹਾਲਤਾਂ (ਦੋਨੋ-ਸਥਾਨਕ ਤੇ ਕੌਮਾਂਤਰੀ) ਦੀ ਉਪਜ ਹੋਇਆ ਕਰਦੇ ਹਨ । ਸਥਾਨਕ ਤੇ ਕੌਮਾਂਤਰੀ ਹਾਲਤਾਂ ਦੇ ਅੰਤਰ-ਕਰਮ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ, ਪਰ ਕਿਸੇ ਦੇਸ਼ ਅੰਦਰ ਫਾਸ਼ੀਵਾਦ ਦੇ ਵਿਸ਼ੇਸ਼ ਲੱਛਣ, ਮੁਖ ਤੌਰ 'ਤੇ, ਸੰਬੰਧਤ ਸਮਾਜੀ ਬਣਤਰ ਦੇ ਖਾਸੇ ਤੋਂ ਹੀ ਨਿਰਧਾਰਤ ਹੁੰਦੇ ਹਨ । ਫਾਸ਼ੀਵਾਦ ਦੇ ਇਹਨਾਂ ਵਿਸ਼ੇਸ਼ ਲੱਛਣਾਂ ਨੂੰ ਕੀ ਹਕੀਕੀ ਰੂਪ ਵਿਚ ਸਮਝਣਾ ਅਤੇ ਇਸ ਅਨੁਸਾਰ ਆਪਣੇ ਠੋਸ ਨਾਅਰੇ ਤੇ ਦਾਅਪੇਚ ਘੜਨੇ ਅਤਿ ਜ਼ਰੂਰੀ ਹੁੰਦੇ ਹਨ ।

(4) ਇਹ ਕੋਈ ਧੁਰ-ਦਰਗਾਹੋਂ ਲਿਖੀ ਹੋਈ ਗੱਲ ਨਹੀਂ ਕਿ ਫਾਸ਼ੀਵਾਦ, ਹਮੇਸ਼ਾ ਤੇ ਹਰ ਜਗ੍ਹਾ, ਫੌਰੀ ਪਰਸੰਗ ਤੋਂ ਦੇਖਿਆ ਪ੍ਰੋਲੇਤਾਰੀ ਇਨਕਲਾਬ ਦੇ ਵਿਰੋਧ ਮੱਤ ਵਜੋਂ ਹੀ ਉਭਰੇ । ਇਸ ਸਚਾਈ ਦੇ ਬਾਵਜੂਦ ਕਿ ਫਾਸ਼ੀਵਾਦ ਤਿੱਖੇ ਸੰਕਟ ਦੀਆਂ ਹਾਲਤਾਂ 'ਚੋਂ ਹੀ ਉਭਰਦਾ ਹੈ, ਇਹ ਕੋਈ ਜ਼ਰੂਰੀ ਨਹੀਂ ਕਿ ਉਸ ਵਿਸ਼ੇਸ਼ ਮੌਕੇ ਜਾਬਰ ਰਾਜ-ਪ੍ਰਬੰਧ ਨੂੰ ਫੌਰੀ ਖਤਰਾ ਇਨਕਲਾਬੀ

ਲਹਿਰ ਕੋਲੋਂ ਹੀ ਖੜਾ ਹੋਇਆ ਹੋਵੇ। ਇਹ ਖਤਰਾ, ਸਮਾਜ ਅੰਦਰ ਕਰਮਸ਼ੀਲ ਹੋਰਨਾਂ ਸਮਾਜੀ ਅੰਤਰ-ਵਿਰੋਧਾਂ ਤੇ ਜਮਾਤੀ/ਸਿਆਸੀ ਤਾਕਤਾਂ ਕੋਲੋਂ ਵੀ ਖੜ੍ਹਾ ਹੋਇਆ ਹੋ ਸਕਦਾ ਹੈ ਅਤੇ ਇਸ ਕਰਕੇ ਕਿਸੇ ਮੌਕਾ ਫੌਰੀ ਪਰਸੰਗ ਵਿਚ, ਫਾਸ਼ੀਵਾਦ ਦੀ ਧਾਰ, ਮੁੱਖ ਤੌਰ 'ਤੇ ਇਹਨਾਂ ਜਮਾਤੀ/ਸਿਆਸੀ ਤਾਕਤਾ ਵੱਲ ਵੀ ਸੇਧੀ ਹੋਈ ਹੋ ਸਕਦੀ ਹੈ!

(5) ਭਾਰਤ ਦੇ ਮੌਜੂਦਾ ਪਰਸੰਗ ਵਿਚ ਦੇਖਿਆ, ਫਾਸ਼ੀਵਾਦ ਦੇ ਮਸਲੇ ਨੂੰ ਠੀਕ ਰੂਪ 'ਚ ਸਮਝਣ ਲਈ ਦੋ ਪੱਖਾਂ ਬਾਰੇ ਹਕੀਕੀ ਨਿਰਣਾ ਜ਼ਰੂਰੀ ਹੈ। ਪਹਿਲੀ ਗੱਲ, ਤਾਂ ਇਹ ਕਿ ਅਜੋਕੀ ਹਾਲਤ ਵਿਚ, ਉਹ ਕਿਹੜਾ ਸਮਾਜੀ/ਸਿਆਸੀ ਵਰਤਾਰਾ ਹੈ, ਜਿਹੜਾ ਭਾਰਤੀ ਰਾਜ-ਪ੍ਰਬੰਧ ਨੂੰ ਫੌਰੀ ਤੇ ਹਕੀਕੀ ਪੈਂਤੜਾ ਖੜ੍ਹਾ ਕਰ ਰਿਹਾ ਹੈ? ਦੂਜਾ ਭਾਰਤੀ ਰਾਜ-ਪ੍ਰਬੰਧ ਦੀ ਸਲਾਮਤੀ ਨੂੰ ਦਰਪੇਸ਼ ਇਸ ਖਤਰੇ ਦਾ ਬੰਨ੍ਹ-ਉਪਾਅ ਕਰਨ ਲਈ ਭਾਰਤੀ ਹਾਕਮਾਂ ਪੱਲੇ ਉਹ ਕਿਹੜਾ ਜਜ਼ਬਾ ਤੇ ਨਾਹਰਾ ਹੈ ਜਿਸ ਦੀ ਉਹ ਫਾਸ਼ੀ ਜਨੂੰਨ ਭੜਕਾਉਣ ਲਈ ਵਰਤੋਂ ਕਰ ਸਕਦੇ (ਤੇ ਕਰ ਰਹੇ) ਹਨ? ਇਨ੍ਹਾਂ ਦੋਨੋਂ ਨੁਕਤਿਆਂ ਦੇ ਹਕੀਕੀ ਵਿਸ਼ਲੇਸ਼ਣ 'ਤੋਂ ਹੀ ਭਾਰਤੀ ਫਾਸ਼ੀਵਾਦ ਦੇ ਵਰਤਾਰੇ ਨੂੰ ਸਹੀ ਰੂਪ 'ਚ ਸਮਝਿਆ ਤੇ ਇਸ ਵਿਰੁੱਧ ਇਨਕਲਾਬੀ ਪੈਂਤੜਾ ਕਰਨ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ।

(6) ਭਾਰਤ ਦੇ ਅਜੋਕੇ ਸਮਾਜਿਕ-ਸਿਆਸੀ ਯਥਾਰਥ ਤੋਂ ਇਹ ਨਿਰਣਾ ਕਰਨਾ ਕੋਈ ਬਹੁਤ ਮੁਸ਼ਕਲ ਨਹੀਂ ਕਿ ਇਸ ਮੌਕੇ ਭਾਰਤੀ ਹਾਕਮਾਂ ਲਈ ਸਭ ਤੋਂ ਗੰਭੀਰ ਤੇ ਨਾਜ਼ਕ ਮਸਲਾ, ਦੇਸ਼ ਦੀ 'ਏਕਤਾ ਤੇ ਅਖੰਡਤਾ' ਨੂੰ ਕਾਇਮ ਰੱਖਣ ਦਾ ਬਣਿਆ ਹੋਇਆ ਹੈ। ਭਾਰਤੀ ਹਾਕਮਾਂ ਵਲੋਂ ਏਸ ਨਾਅਰੇ ਉਤੇ ਦਿੱਤੀ ਦਾਬ ਕੋਈ ਬੇਵਜਾ ਹੀ ਨਹੀਂ। ਇਥੇ ਇਹ ਗੱਲ ਚਿਤਾਰਨੀ ਕੁਥਾਵੀਂ ਨਹੀਂ ਹੋਵੇਗੀ ਕਿ ਲੁਟੇਰੇ ਹਾਕਮਾਂ ਵਲੋਂ ਬਦਲਵੀਆਂ ਹਾਲਤਾਂ ਅੰਦਰ ਲਿਆਂਦੇ ਹਰ ਬਦਲਵੇਂ ਨਾਅਰੇ ਦਾ ਮਾਦੀ ਅਧਾਰ ਤੇ ਠੋਸ ਵਜ੍ਹਾ ਹੁੰਦੀ ਹੈ। ਇਹ ਗੱਲ ਸਮਝਣੀ ਬੇਹੱਦ ਜ਼ਰੂਰੀ ਹੁੰਦੀ ਹੈ ਕਿ ਕਿਸੇ ਵਿਸ਼ੇਸ਼ ਮੌਕੇ ਹਾਕਮਾਂ ਵਲੋਂ ਕੋਈ ਵਿਸ਼ੇਸ਼ ਨਾਅਰਾ ਹੀ ਕਿਉਂ ਚੁਣਿਆ ਗਿਆ ਹੈ, ਹੋਰ ਕਿਉਂ ਨਹੀਂ?

ਇਹ ਇੱਕ ਹਕੀਕਤ ਹੈ ਕਿ ਅੱਜ ਭਾਰਤੀ ਰਾਜ-ਪ੍ਰਬੰਧ ਨੂੰ ਪ੍ਰੋਲੇਤਾਰੀ ਇਨਕਲਾਬੀ ਲਹਿਰ ਕੋਲੋਂ ਫੌਰੀ ਤੌਰ 'ਤੇ ਉਹ ਖਤਰਾ ਮੌਜੂਦ ਨਹੀਂ ਰਿਹਾ, ਜੋ ਸੱਠਵਿਆਂ-ਸੱਤਰਵਿਆਂ 'ਚ ਸੀ। ਸੱਠਵਿਆਂ-ਸੱਤਰਵਿਆਂ ਦਾ ਉਹ ਇਨਕਲਾਬੀ ਉਭਾਰ ਅੱਸੀਵਿਆਂ 'ਚ ਆ ਕੇ ਆਪਣਾ ਪਹਿਲਾ ਵਾਲਾ ਤਪ-ਤੇਜ਼ ਗੁਆ ਚੁੱਕਾ ਸੀ। ਅੱਸੀਵਿਆਂ ਦੀ ਉਭਰਵੀਂ ਹਕੀਕਤ, ਭਾਰਤ ਦੇ ਅੱਡ-ਅੱਡ ਹਿਸਿਆਂ ਅੰਦਰ, ਵੱਖ ਵੱਖ ਕੌਮੀਅਤਾਂ, ਇਲਾਕਾਈ ਤਾਕਤਾਂ, ਘੱਟ ਗਿਣਤੀ ਧਾਰਮਿਕ ਵਰਗਾਂ ਤੇ ਦਲਿਤਾਂ ਦੀਆਂ ਸਵੈ-ਪਛਾਣ ਦੀ ਰਾਖੀ ਤੇ ਸਵੈ-ਪ੍ਰਗਟਾਵੇ ਲਈ ਉੱਠੀਆਂ ਤੇ ਪੂਰੇ ਜਾਹੋ-ਜਲਾਲ 'ਚ ਜਾਰੀ ਰਹਿ ਰਹੀਆਂ ਖਾੜਕੂ ਵਿਰੋਧ ਲਹਿਰਾਂ ਹਨ। ਮੁੱਖ ਤੌਰ ਤੇ ਇਹ ਲਹਿਰਾਂ ਹੀ ਹਨ, ਜਿਹੜੀਆਂ, ਗੈਰ-ਜਮਹੂਰੀ ਤੇ ਪੱਖਪਾਤੀ ਨੀਹਾਂ 'ਤੇ ਉਸਰੇ ਜਾਬਰ ਭਾਰਤੀ ਰਾਜ-ਪ੍ਰਬੰਧ ਦੀ ਸਲਾਮੀ ਨੂੰ, ਫੌਰੀ ਪਰਸੰਗ ਤੋਂ, ਗੰਭੀਰ ਤੇ ਹਕੀਕੀ ਖਤਰੇ ਖੜੇ ਕਰ ਰਹੀਆਂ ਹਨ। ਭਾਰਤੀ ਹਾਕਮਾਂ ਵਲੋਂ ਪਿਛਲੇ 5-6 ਸਾਲਾਂ ਤੋਂ ਉਠਾਏ ਸਭਨਾਂ ਅਹਿਮ ਜਾਬਰ ਕਦਮਾਂ ਦੀ ਮਾਰ, ਮੁੱਖ ਤੌਰ ਤੇ, ਇਹਨਾਂ ਲਹਿਰਾਂ ਦੀਆਂ ਸੰਚਾਲਕ ਜਮਾਤੀ/ਸਿਆਸੀ ਤਾਕਤਾਂ ਨੂੰ ਸਹਿਣੀ ਪਈ ਤੇ ਪੈ ਰਹੀ ਹੈ। (ਇਥੇ ਅਸੀਂ ਭਾਰਤ ਦੇ ਕੁਝ ਕੁ ਗਿਣਤੀ ਦੇ ਅਤੇ ਛੋਟ-ਛੋਟੇ ਖਿਤਿਆਂ ਅੰਦਰ ਇਨ੍ਹਾਂ ਜਮਹੂਰੀ ਤਾਕਤਾਂ ਦੀ ਅਗਵਾਈ ਹੇਠ ਚਲ ਰਹੀ ਹਥਿਆਰਬੰਦ ਜੱਦੋਜਹਿਦ ਦੀ ਹਕੀਕਤ ਤੋਂ ਮੁਨਕਰ ਨਹੀਂ ਹੋ ਰਹੇ, ਤੇ ਨਾਂ ਹੀ ਇਹਨਾਂ ਦੀ ਕਦਰ ਘਟਾਈ ਕਰ ਰਹੇ ਹਾਂ। ਪਰ ਇਸ ਪਰਤੱਖ ਨੂੰ ਕਿਸੇ ਪਰਮਾਣ ਦੀ ਲੋੜ ਨਹੀਂ ਕਿ ਇਹ ਹਥਿਆਰਬੰਦ ਜੱਦੋਜਹਿਦ, ਭਾਰਤ ਦੀ ਸਮੁੱਚੀ ਸਮਾਜਿਕ ਸਿਆਸੀ ਜ਼ਿੰਦਗੀ ਉਤੇ ਭਾਰੂ ਜਾਂ ਫੈਸਲਾ ਕੁੰਨ ਅਸਰ ਨਹੀਂ ਛੱਡ ਰਹੀਂ)।

7) ਇਸ ਪਰਤੱਖ ਹਕੀਕਤ ਨੂੰ ਤਸਲੀਮ ਕਰ ਲੈਣ ਤੋਂ ਬਾਅਦ ਅਗਲਾ ਸੁਆਲ ਇਹ ਖੜ੍ਹਾ ਹੁੰਦਾ ਹੈ ਕਿ ਜਾਬਰ ਹੁਕਮਰਾਨ, ਇਸ ਸੰਕਟ ਦਾ ਮੁਕਾਬਲਾ ਕਰਨ ਲਈ, ਕਿਹੋ ਜਿਹੀਆਂ ਵਿਚਾਰਧਾਰਕ, ਸਿਆਸੀ ਤੇ ਪ੍ਰਬੰਧਕੀ ਤਿਆਰੀਆਂ ਕਰ ਰਹੇ ਹਨ? ਕਿਉਂਕਿ ਭਾਰਤੀ ਹਾਕਮਾਂ ਦੀਆਂ ਨਜ਼ਰਾਂ ਵਿਚ (ਜਿਹੜੀ ਕਿ ਇੱਕ ਹਕੀਕਤ ਵੀ ਹੈ) ਇਸ ਮੌਕੇ ਫੌਰੀ ਤੇ ਮੁੱਖ ਖਤਰਾ ਦੇਸ਼ ਦੀ 'ਏਕਤਾ ਤੇ ਅਖੰਡਤਾ' ਨੂੰ ਹੈ, ਅਤੇ ਹੈ ਵੀ ਅੱਡ ਅੱਡ ਕੌਮਾਂ/ਭਾਸ਼ਾਈ ਗਰੁੱਪਾਂ, ਇਲਾਕਾਈ ਸ਼ਨਾਖਤਾਂ ਤੇ ਘੱਟ ਗਿਣਤੀ ਧਾਰਮਿਕ ਵਰਗਾਂ ਦੀਆਂ ਖਾੜਕੂ ਵਿਰੋਧ ਲਹਿਰਾਂ ਹੱਥੋਂ। ਇਸ ਲਈ ਇਸ ਸੰਕਟ ਨੂੰ ਸਰ ਕਰਨ ਲਈ ਭਾਰਤੀ ਹਾਕਮਾਂ ਸਾਹਮਣੇ ਦੇਸ਼ ਦੀ ਏਕਤਾ ਤੇ 'ਅਖੰਡਤਾ' ਦਾ ਨਾਹਰਾ ਤੇ ਸੰਕਲਪ ਉਭਾਰਨ ਅਤੇ ਇਸ ਨਾਅਰੇ ਦੁਆਲੇ ਪਿਛਾਖੜੀ ਫਾਸ਼ੀ ਲਾਮਬੰਦੀ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ। ਇਥੋਂ ਹੀ ਭਾਰਤੀ ਫਾਸ਼ੀਵਾਦ ਦਾ ਠੋਸ ਸਰੂਪ ਉਸਰਦਾ ਤੇ ਉਘੜਦਾ ਹੈ।

(8) ਇਸ ਫਾਸ਼ੀਵਾਦੀ ਖਤਰੇ ਦਾ ਸਫਲਤਾ ਨਾਲ

ਟਾਕਰਾ ਕਰਨ ਲਈ, ਦਰੁਸਤ ਇਨਕਲਾਬੀ ਲੀਹ ਤੇ ਪੈਂਤੜੇ ਪੱਖੋਂ, ਦੇਖਣ ਤੇ ਸਮਝਣ ਵਾਲੀ ਇਕ ਬੇਹੱਦ ਅਹਿਮ ਗੱਲ ਇਹ ਹੈ ਕਿ ਉਹ ਕਿਹੜੀਆਂ ਸਮਾਜੀ/ਸਿਆਸੀ ਤਾਕਤਾਂ ਹਨ ਜਿਹੜੀਆਂ ਭਾਰਤੀ ਹਾਕਮਾਂ ਦੇ ਇਸ ਪਿਛਾਖੜੀ ਫਾਸ਼ੀਵਾਦ ਪੈਂਤੜੇ ਦੀਆਂ ਵਾਹਕ ਬਣ ਸਕਦੀਆਂ ਹਨ ? ਜਿਹੜੀਆਂ ਭਾਰਤੀ ਰਾਜ-ਮਸ਼ੀਨਰੀ ਦੇ ਇਸ ਪਿਛਾਖੜੀ ਅਧਾਰ ਉਤੇ ਫਾਸ਼ੀਕਰਨ ਦੇ ਅਮਲ ਦੀਆਂ ਜੋਟੀਦਾਰ ਤੇ ਹਮਾਇਤੀ ਹੋ ਸਕਦੀਆਂ ਹਨ ? ਕੀ ਆਪਣੀ ਵਖਰੀ ਸੁਤੰਤਰ ਪਹਿਚਾਣ ਦੀ ਰਾਖੀ ਅਤੇ ਆਰਥਿਕ, ਸਿਆਸੀ ਤੇ ਸਭਿਆਚਾਰਕ ਹਿਤਾਂ ਦੀ ਪਰਾਪਤੀ ਤੇ ਵਧਾਰੇ ਲਈ ਲੜ ਰਹੀਆਂ ਜਾਗਰੂਕ ਕੌਮਾਂ ? ਜਾਂ ਆਪਣੀ ਵੱਖਰੀ ਸਭਿਆਚਾਰਕ ਹੋਂਦ ਤੇ ਪਹਿਚਾਣ ਦੀ ਰਾਖੀ ਤੇ ਧਾਰਮਿਕ ਅਜ਼ਾਦੀ ਲਈ ਜੂਝ ਰਹੀਆਂ ਧਾਰਮਿਕ ਘੱਟ ਗਿਣਤੀਆਂ ? ਜਾਂ ਫਿਰ ਕੀ, ਆਪਣੇ ਖੇਤਰੀ ਆਰਥਕ ਸਮਾਜੀ ਤੇ ਸਭਿਆਚਾਰਕ ਹਿਤਾਂ ਦੀ ਰਾਖੀ ਲਈ ਘੋਲਾਂ ਦੇ ਰਾਹ ਪੈ ਰਹੀਆਂ ਇਲਾਕਾਈ ਤਾਕਤਾਂ (ਝਾਰਖੰਡ, ਉਤਰਾਖੰਡ, ਛਤੀਸਗੜ੍ਹ ਆਦਿ ਆਦਿ) ? ਨਹੀਂ, ਉਪਰ ਬਿਆਨੀਆਂ ਇਹ ਤਾਕਤਾਂ, ਆਪਣੇ ਬਾਹਰਮੁਖੀ ਹਿਤਾਂ ਤੇ ਲੋੜਾਂ ਪੱਖੋਂ ਹੀ ਜਾਬਰ ਭਾਰਤੀ ਹਾਕਮਾਂ ਦੇ ਪਿਛ ਖੜੀ/ਫਾਸ਼ੀਵਾਦੀ ਪੈਂਤੜੇ ਨਾਲ ਟਕਰਾਅ 'ਚ ਆ ਰਹੀਆਂ ਹਨ । ਇਹ ਤਾਕਤਾਂ, ਆਪਣੇ ਜਮਾਤੀ/ਸਮਾਜੀ ਕਿਰਦਾਰ 'ਚੋਂ ਉਪਜੇ ਗਲਤ ਨਜ਼ਰੀਏ ਤੇ ਵਿਚਾਰਧਾਰਾ ਸਦਕਾ ਸਿਆਸੀ ਜੱਦੋਜਹਿਦ ਦੇ ਮਾਮਲੇ 'ਚ ਅਨੇਕਾਂ ਗਲਤ ਰੁਝਾਨਾ ਤੇ ਕੁਰਾਹਿਆਂ ਦਾ ਸ਼ਿਕਾਰ ਤਾਂ ਹੋ ਸਕਦੀਆਂ ਹਨ (ਤੇ ਹੋ ਰਹੀਆਂ ਵੀ ਹਨ), ਪਰ ਭਾਰਤੀ ਸਟੇਟ ਦੇ ਨੁਕਤਾ-ਨਜ਼ਰ ਤੋਂ ਦੇਖਿਆ, ਇਹ ਭਾਰਤੀ ਫਾਸ਼ੀਵਾਦ ਦੀਆਂ ਹਮਾਇਤੀ ਤੇ ਵਾਹਕ ਕਦਾਚਿਤ ਨਹੀਂ ਬਣ ਸਕਦੀਆਂ । ਇਹਨਾਂ ਅੰਦਰ ਅਨੇਕਾਂ ਤੰਗ ਨਜ਼ਰ ਤੇ ਗੈਰ-ਜਮਹੂਰੀ ਰੁਝਾਨ ਤਾਂ ਪਲ-ਪਸਰ ਸਕਦੇ ਹਨ (ਤੇ ਪਲ-ਪਸਰ ਰਹੇ ਵੀ ਹਨ) ਪਰ ਸਿਰਫ ਇਸੇ ਅਧਾਰ ਉਤੇ ਇਹਨਾਂ ਨੂੰ 'ਫਾਸ਼ੀਵਾਦੀ' ਗਰਦਾਨ ਦੇਣਾ ਅਤੇ ਫਿਰ ਇਸ ਅਧਾਰ ਉਤੇ ਇਨਕਲਾਬੀ ਲਹਿਰ ਦਾ ਫੌਰੀ ਚੋਟ-ਨਿਸ਼ਾਨਾ ਮਿਥ ਲੈਣਾ ਖੁਦ ਇੱਕ ਖਤਰਨਾਕ ਸਿਆਸੀ ਕੁਰਾਹੇ ਦਾ ਸ਼ਿਕਾਰ ਹੋਣਾ ਹੈ ।

ਫਾਸ਼ੀਵਾਦ ਬਾਰੇ ਇਸ ਸਿਧਾਂਤਕ ਭੁਲਾਂਦਰੇ (ਜਾਂ ਬ੍ਰਾਹਮਣਵਾਦੀ ਤੁਅੱਸਬਾਂ) 'ਚੋਂ ਉਪਜੀ ਨੁਕਸਦਾਰ ਧਾਰਨਾ, ਭਾਰਤੀ ਕਮਿ: ਲਹਿਰ ਦੇ ਵਡੇਰੇ ਹਿੱਸਿਆਂ ਨੂੰ ਆਪਣੀ ਲਪੇਟ 'ਚ ਲਈ ਬੈਠੀ ਹੈ । 'ਫ਼ਾਸ਼ੀਵਾਦ' ਬਾਰੇ ਇਸ ਮਸ਼ੀਨੀ ਧਾਰਨਾ ਤੇ ਲੋਹੇ-ਜੜੇ ਫੋਰਮੂਲੇ ਮੁਤਾਬਕ, ਭਾਰਤੀ ਫਾਸ਼ੀਵਾਦ = ਹਿੰਦੂ ਸ਼ਾਵਨਵਾਦੀ + ਸਿੱਖ ਜਨੂੰਨੀ ਫਾਸ਼ੀਵਾਦ + ਮੁਸਲਿਮ ਕੱਟੜਪੰਥੀ 'ਫਾਸ਼ੀਵਾਦ + ਇਸਾਈ ਮੂਲਪੰਥੀ ਫਾਸ਼ੀਵਾਦ ।' ਫਾਸ਼ੀਵਾਦ ਬਾਰੇ ਅਜਿਹੀ ਗਲਤ ਸਮਝ ਕੌਮਾਂਤਰੀ ਕਮਿ: ਲਹਿਰ ਦੇ ਹਾਂ-ਪੱਖੀ ਇਤਿਹਾਸ 'ਚ ਹੋਰ ਕਿਤੇ ਵੀ ਦੇਖਣ ਨੂੰ ਨਹੀਂ ਮਿਲੇਗੀ ।

ਹਾਂ, ਜਿਥੋਂ ਤੱਕ ਧਾਰਮਿਕ ਮੁੜ-ਸੁਰਜੀਤੀ ਦੀਆਂ ਲਹਿਰਾਂ ਅੰਦਰ ਫਾਸ਼ੀਵਾਦੀ ਅੰਸ਼ਾਂ ਦੇ ਲੁਪਤ ਹੋਣ ਦੀ ਗੱਲ ਹੈ, ਇਸ ਤੋਂ ਕੋਈ ਵੀ ਸੱਚਾ ਮਾਰਕਸਵਾਦੀ-ਲੈਨਿਨਵਾਦੀ ਮੁਨਕਰ ਨਹੀਂ ਹੋਵੇਗਾ । ਆਪਣੇ ਪਹਿਲੇ, ਮੌਲਿਕ ਰੂਪ ਵਿਚ ਭਾਰਤ ਅੰਦਰ ਕੁਝ ਧਾਰਮਿਕ ਲਹਿਰਾਂ ਨੇ ਸੱਚ-ਮੁੱਚ ਹੀ ਅਗਾਂਹਵਧੂ ਤੇ ਇਨਕਲਾਬੀ ਰੋਲ ਨਿਭਾਇਆ ਸੀ । ਉਸ ਮੌਕੇ ਇਹਨਾਂ ਲਹਿਰਾਂ ਦਾ ਵਿਕਾਸ ਇਕ ਤਨੀ-ਪ੍ਰਕਿਰਿਆ (Organic process) ਵਜੋਂ ਹੋਣ ਕਰਕੇ, ਇਨ੍ਹਾਂ ਲਹਿਰਾਂ ਨੇ ਪੁਰਾਣੇ, ਇਤਿਹਾਸਕ ਤੌਰ ਤੇ ਪਿਛਾਖੜੀ ਕਦਰ-ਪ੍ਰਬੰਧ ਦੇ ਉਲਟ, ਨਵੀਆਂ, ਅਗਾਂਹਵਧੂ, ਸਮਾਜੀ ਕਦਰਾਂ ਦਾ ਝੰਡਾ ਬੁਲੰਦ ਕੀਤਾ ਸੀ । ਆਪਣੀਆਂ ਇਤਿਹਾਸਕ ਸੀਮਾਵਾਂ ਦੇ ਬਾਵਜੂਦ, ਉਦੋਂ, ਇਹਨਾਂ ਲਹਿਰਾਂ ਦਾ ਤੱਤ ਇਨਕਲਾਬੀ ਤੇ ਅਗਾਂਹਵਧੂ ਸੀ । ਪਰ ਅਜੋਕੇ ਪਰਸੰਗ ਅੰਦਰ, ਧਾਰਮਿਕ ਮੁੜ-ਸੁਰਜੀਤੀ ਦੀਆਂ ਲਹਿਰਾਂ ਸਮਾਜੀ ਵਿਕਾਸ ਦੀਆਂ ਕਿਸੇ ਸਜੀਵ ਪ੍ਰਕਿਰਿਆ ਦਾ ਅੰਗ ਨਾ ਹੋ ਕੇ, ਜ਼ਿਆਦਾਤਰ ਵਰਤਮਾਨ ਪ੍ਰਤੀ ਇਕ ਭੂਤ-ਮੁਖੀ ਪ੍ਰਤੀ-ਕਰਮ ਵਜੋਂ ਹੀ ਸਾਹਮਣੇ ਆ ਰਹੀਆਂ ਹਨ । ਆਪਣੇ ਪਹਿਲੇ, ਮੌਲਿਕ ਰੂਪ ਦੇ ਉਲਟ, ਅੱਜ ਇਹ ਲਹਿਰਾਂ ਮੌਜੂਦਾ ਨਿੱਘਰੀ ਹੋਈ ਬੁਰਜੂਆ ਜਗੀਰੂ ਕਦਰ ਪ੍ਰਣਾਲੀ ਦੇ ਮੁਕਾਬਲੇ ਨਵੀਂ, ਇਤਿਹਾਹਕ ਤੌਰ ਤੇ ਅਗਾਂਹਵਧੂ ਕਦਰ-ਪ੍ਰਣਾਲੀ ਦਾ ਬਦਲ ਪੇਸ਼ ਕਰਨ ਤੋਂ ਅਸਮਰਥ ਹਨ । ਆਪਣੀ ਇਸ ਇਤਿਹਾਸਕ ਸੀਮਤਾਈ ਤੇ ਕਮਜ਼ੋਰੀ ਦੀ ਵਜਾ ਕਰਕੇ, ਇਹਨਾਂ ਤਾਕਤਾਂ ਦੇ ਰਾਜ-ਭਾਗ ਉਤੇ ਕਾਬਜ਼ ਹੋ ਜਾਣ ਦੀ ਸੂਰਤ ਵਿਚ ਫਾਸ਼ੀਵਾਦ ਦੀਆਂ ਵਾਹਕ ਹੋ ਨਿਬੜਨ ਦੀਆਂ ਸੰਭਾਵਨਾਵਾਂ ਹਕੀਕੀ ਤੇ ਯਕੀਨੀ ਹਨ । ਇਹਨਾਂ ਲਹਿਰਾਂ ਦੀ ਇਸ ਵਜੂਦ-ਸਮੋਈ ਕਮਜ਼ੋਰੀ ਨੂੰ ਉਜਾਗਰ ਕਰਨ ਅਤੇ ਇਹਨਾਂ ਲਹਿਰਾਂ ਦੇ ਅਸਰ ਹੇਠਲੇ ਵਰਗਾਂ ਨੂੰ ਇਸ ਬਾਰੇ ਚੇਤੰਨ ਕਰਨ ਦੇ ਵਿਚਾਰਧਾਰਕ ਤੇ ਸਿਆਸੀ ਕਾਰਜ ਨੂੰ ਕਿਸੇ ਵੀ ਤਰ੍ਹਾਂ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ । ਪਰ ਇਸਦਾ ਅਰਥ ਭਾਰਤੀ ਸਟੇਟ ਵਿਰੁਧ ਉਠ ਰਹੀਆਂ ਇਹਨਾਂ ਲਹਿਰਾਂ ਨੂੰ ਇਨਕਲਾਬੀ ਪ੍ਰੋਲੇਤਾਰੀ ਲਹਿਰ ਦਾ ਫੌਰੀ ਚੋਟ-ਨਿਸ਼ਾਨਾ ਬਨਾਉਣਾ ਨਹੀਂ ਲਿਆ ਜਾਣਾ ਚਾਹੀਦਾ ।

(9) ਜੇਕਰ ਭਾਰਤੀ ਹਾਕਮਾਂ ਦੇ ਬੌਧਿਕ ਬੁਲਾਰਿਆਂ ਵਲੋਂ ਵਿਆਪਕ ਪੈਮਾਨੇ 'ਤੇ ਲਿਖੀਆਂ/ਛਾਪੀਆਂ ਤੇ ਪਰਚਾਰੀਆਂ ਜਾ ਰਹੀਆਂ ਸਿਧਾਂਤਕ ਲੇਖਣੀਆਂ ਦੀ

ਡੂੰਘੀ ਘੋਖ ਤੇ ਪੁਣ-ਛਾਣ ਕੀਤੀ ਜਾਵੇ ਤਾਂ ਦੋ ਗੱਲਾਂ ਬਹੁਤ ਉਘੜਵੇਂ ਰੂਪ 'ਚ ਸਾਹਮਣੇ ਆਉਂਦੀਆਂ ਹਨ : (1) ਲੁਟੇਰੇ ਹਾਕਮ ਵਰਗ ਨੂੰ ਇਸ ਗੱਲ ਦਾ ਤਿੱਖਾ ਅਹਿਸਾਸ ਹੈ ਕਿ ਭਾਰਤੀ ਸਮਾਜ ਨੇ ਕੋਈ ਇਕ-ਕਹਿਰੀ ਕੌਮੀ ਬਣਤਰ ਦਾ ਸਰੂਪ ਅਖਤਿਆਰ ਨਹੀਂ ਕੀਤੀ ਅਤੇ ਇਸ ਨੂੰ ਅਨੇਕਾਂ ਹੀ ਅੰਦਰੂਨੀ ਭਾਸ਼ਾਈ/ਸਭਿਆ-ਚਾਰਕ ਪਾੜਿਆਂ, ਵਖਰੇਵਿਆਂ ਤੇ ਵਿਰੋਧਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਅਤੇ ਇਹ ਵਿਰੋਧ-ਵਖਰੇਵੇਂ ਕਿਸੇ 'ਜਾਦੂ ਦੀ ਛੜੀ' ਨਾਲ ਖਤਮ ਨਹੀਂ ਹੋਣੇ, ਸਗੋਂ ਇਨ੍ਹਾਂ ਨੂੰ ਹਕੂਮਤੀ ਛੜੀ ਨਾਲ ਹੀ ਕਾਬੂ ਕਰਨਾ ਪੈਣਾ ਹੈ। (2) ਭਾਰਤੀ ਲੋਕਾਂ ਨੂੰ ਭਾਵਨਾਤਮਿਕ ਤੌਰ 'ਤੇ ਇੱਕ ਮਜ਼ਬੂਤ ਲੜੀ 'ਚ ਗੁੰਦਣ ਵਾਲੇ ਕਿਸੇ ਸਰਬ-ਸਾਂਝੇ ਕੌਮੀ ਜਜ਼ਬੇ ਦਾ ਕੋਈ ਹਕੀਕੀ ਤੇ ਮਾਦੀ ਅਧਾਰ ਮੌਜੂਦ ਨਹੀਂ ਹੈ, ਅਤੇ ਇਸ ਘਾਟ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਪੂਰਨ ਵਾਲਾ ਇਕੋ-ਇਕ ਫੈਕਟਰ, ਭਾਰਤ ਵਸੋਂ ਦੀ ਭਾਰੀ ਬਹੁ-ਗਿਣਤੀ ਦਾ ਇਕ ਸਾਂਝ-ਹਿੰਦੂ-ਧਰਮ ਦੀ ਵਿਸ਼ਵਾਸੀ ਹੋਣਾ ਹੈ। ਇਸ ਲਈ, ਭਾਰਤ ਦੀ ਭਾਰੂ ਵਸੋਂ ਦੀ ਇਸ ਧਾਰਮਿਕ ਭਾਵਨਾਤਮਿਕ ਸਾਂਝ ਨੂੰ ਵਧੇਰੇ ਪਕੇਰਿਆਂ ਕਰਨ ਨਾਲ ਹੀ, ਭਾਰਤ ਦੇ ਖਿੰਡ-ਭਖਰ ਰਹੇ ਵਜੂਦ ਨੂੰ ਬਚਾ ਕੇ ਰਖਿਆ ਜਾ ਸਕਦਾ ਹੈ।

ਭਾਰਤੀ ਹਾਕਮਾਂ ਦੇ, ਮਾਮੂਲੀ ਫਰਕਾਂ-ਵਖਰੇਵਿਆਂ ਨਾਲ ਪਰਤੱਖ ਰੂਪ 'ਚ ਸਾਹਮਣੇ ਆ ਰਹੇ ਸਮੁੱਚੇ ਸੋਚ-ਪੈਟਰਨ ਅਤੇ ਦਲੀਲ-ਵਿਧੀਆਂ ਤੇ ਵਿਸਥਾਰਾਂ ਦਾ ਸਾਰ-ਤੱਤ ਇਹੋ ਹੈ। ਇਸ ਸੋਚ-ਪੈਟਰਨ ਤੇ ਨਿਰਣਾ-ਕਾਰੀ ਚੋਂ ਹੀ, ਇੰਦਰਾ ਗਾਂਧੀ ਵਲੋਂ, ਅੱਸੀਵਿਆਂ ਦੇ ਦਹਾਕੇ ਦੇ ਸ਼ੁਰੂ ਦੌਰ ਅੰਦਰ, ਮੁੱਢ ਤੋਂ ਹੀ ਫਿਰਕੂ ਪੱਖ-ਪਾਤੀ ਲੀਹਾਂ ਤੇ ਉਸਰੇ ਭਾਰਤੀ ਰਾਜ ਪ੍ਰਬੰਧ ਨੂੰ ਵਧੇਰੇ ਵਹਿਸ਼ੀ ਤੇ ਖੂੰਖਾਰ ਬਨਾਉਣ ਲਈ ਹਿੰਦੂ-ਪੁਨਰਵਾਦ ਨੂੰ ਨੂੰ ਵਧ ਨੰਗੇ ਰੂਪ 'ਚ ਉਤਸ਼ਾਹਤ ਕਰਨ ਤੇ ਵਰਤਣ ਦਾ ਹਿੰਦੂ-ਸ਼ਾਵਨਵਾਦੀ ਪੈਂਤੜਾ ਸਾਹਮਣੇ ਆਇਆ ਸੀ। ਉਦੋਂ ਤੋਂ ਲੈ ਕੇ ਹੀ ਇਹ ਅਮਲ ਬਦਸਤੂਰ ਜਾਰੀ ਹੈ ਅਤੇ ਤਿੱਖੇ ਹੋ ਰਹੇ ਸੰਕਟ ਦੇ ਸਨਮੁੱਖ ਦਿਨੋ ਦਿਨ ਹੋਰ ਵੀ ਵੱਧ ਵਹਿਸ਼ੀ ਰੂਪ-ਅਕਾਰ ਅਖਤਿਆਰ ਕਰਦਾ ਚਲਾ ਜਾ ਰਿਹਾ ਹੈ।

(10) ਸੋ ਭਾਰਤ ਦੇ ਲੁਟੇਰੇ ਹਾਕਮ ਵਰਗ ਦੇ ਪਿਛਾਖੜੀ/ਫਾਸ਼ੀਵਾਦੀ ਪੈਂਤੜੇ ਦਾ ਵਿਚਾਰਧਾਰਕ ਅਧਾਰ ਹਿੰਦੂ ਸ਼ਾਵਨਵਾਦ ਹੈ। ਭਾਰਤ ਅੰਦਰ ਵਸਦੇ ਅਤੇ "ਮੁੱਖ ਧਾਰਾ" ਦਾ ਬੋਣ-ਅੰਗ ਬਣਨ ਤੋਂ ਇਨਕਾਰੀ ਹੋਣ ਵਾਲੇ ਘੱਟ-ਗਿਣਤੀ ਧਾਰਮਿਕ ਵਰਗਾਂ ਅਤੇ 'ਹਿੰਦੂ ਸੰਸਕ੍ਰਿਤੀ" ਦੀ ਜਦ ਵਿਚ ਆਉਣ ਤੋਂ ਇਨਕਾਰੀ ਕੌਮੀਅਤਾਂ ਖਿਲਾਫ ਅੰਨ੍ਹੀ ਨਫਰਤ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਨੂੰ ਜਨੂੰਨ ਦੀ ਹੱਦ ਤੱਕ ਭੜਕਾਉਣਾ ਅਤੇ ਉਹਨਾਂ ਪ੍ਰਤੀ ਨੰਗੇ ਫਾਸ਼ੀ ਜਬਰ ਤੇ ਧੌਂਸਗੀਰੀ ਦਾ ਮੁਜ਼ਾਹਰਾ ਕਰਨਾ, ਇਸ ਫਾਸ਼ੀ ਪੈਂਤੜੇ ਦਾ ਲਾਜ਼ਮੀ ਵਰਤਾਰਾ ਹੈ। ਇਸ ਦੇ ਨਾਲ ਹੀ, ਹਿੰਦੂ-ਪੁਨਰਵਾਦ ਨੂੰ ਉਤਸ਼ਾਹਤ ਕਰਨ ਦਾ ਅਰਥ (ਤੇ ਲਾਜ਼ਮੀ ਸਿੱਟਾ), ਹਿੰਦੂ ਫਲਸਫੇ ਦੀ ਅਹਿਮ ਬੁਨਿਆਦ-ਜਾਤਪਾਤੀ ਵੰਡ-ਵਖਰੇਵੇਂ ਦੀ ਵਿਵਸਥਾ—ਨੂੰ ਹੋਰ ਵੱਧ ਮਜ਼ਬੂਤ ਤੇ ਪੱਕੇ-ਪੈਰੀਂ ਕਰਨਾ ਹੈ। ਇਸ ਵਜ੍ਹਾ ਕਰਕੇ, ਭਾਰਤੀ ਸਮਾਜ ਅੰਦਰਲੇ ਸਭ ਤੋਂ ਵੱਧ ਲੁੱਟੇ ਤੇ ਨਪੀੜੇ ਜਾ ਰਹੇ ਦਲਿਤ ਵਰਗਾਂ ਉਤੇ ਆਰਥਿਕ, ਸਭਿਆਚਾਰਕ ਤੇ ਸਮਾਜੀ ਜਬਰ 'ਚ ਨਿਰੰਤਰ ਵਾਧਾ, ਭਾਰਤੀ ਫਾਸ਼ੀਵਾਦ ਦਾ ਲਾਜ਼ਮੀ ਅੰਗ ਤੇ ਅਟੱਲ ਕਰਮ ਹੈ। ਇਹੋ ਹੈ ਜੋ ਅੱਜ ਸਮੁੱਚੇ ਭਾਰਤ ਅੰਦਰ ਹੋ ਰਿਹਾ ਹੈ। ਅਤੇ ਇਹੀ ਹੈ ਜੋ ਭਾਰਤੀ ਫਾਸ਼ੀਵਾਦ ਦੀ "ਮੌਤ ਦੀ ਕੁੰਜੀ" (ਐਕਲੀਜ ਹੀਲ) ਹੈ। ਅੰਨ੍ਹੀ ਲੁੱਟ-ਖਸੁੱਟ ਤੇ ਜਬਰ ਦੇ ਸ਼ਿਕਾਰ ਮਿਹਨਤਕਸ਼ ਵਰਗਾਂ ਤੋਂ ਇਲਾਵਾ, ਭਾਰਤ ਭਰੇ ਦੀਆਂ ਆਪਣੇ ਹੱਕਾਂ ਤੇ ਹਿਤਾਂ ਪ੍ਰਤੀ ਜਾਗਰੂਕ ਹੋ ਰਹੀਆਂ ਕੌਮਾਂ, ਹਿੰਦੂ ਸ਼ਾਵਨਵਾਦ ਦੇ ਹੱਲੇ ਹੇਠ ਆ ਰਹੀਆਂ ਧਾਰਮਿਕ ਘੱਟ ਗਿਣਤੀਆਂ ਅਤੇ ਜ਼ਾਤ-ਪਾਤੀ ਵਿਤਕਰੇ ਤੇ ਜਬਰ ਦੇ ਸਤਾਏ ਦਲਿਤ ਵਰਗਾਂ ਅੰਦਰ, ਭਾਰਤੀ ਹਾਕਮਾਂ ਦੀਆਂ ਲੁੱਟ-ਖਸੁੱਟ, ਜਬਰ ਤੇ ਵਿਤਕਰੇ ਭਰੀਆਂ ਨੀਤੀਆਂ ਤੇ ਫਾਸ਼ੀ ਅਮਲਾਂ ਵਿਰੁੱਧ ਤਿੱਖੀ ਔਖ ਤੇ ਰੋਹ ਭਰਦਾ ਜਾ ਰਿਹਾ ਹੈ। ਇਹ ਸਾਰੇ ਹਿੱਸੇ, ਜਾਬਰ ਭਾਰਤੀ ਰਾਜ-ਪ੍ਰਬੰਧ ਵਿਰੁੱਧ ਜੱਦੋਜਹਿਦ ਅੰਦਰ ਜਾਨਦਾਰ ਰੋਲ ਨਿਭਾਉਣ ਦੀਆਂ ਸੰਭਾਵਨਾਵਾਂ ਪਾਲਦੇ ਹਨ। ਮਜ਼ਦੂਰ ਜਮਾਤ ਦੀ ਇਨਕਲਾਬੀ ਵਿਚਾਰਧਾਰਾ ਤੇ ਨਵ-ਜਮਹੂਰੀ ਇਨਕਲਾਬ ਦੀ ਸਿਆਸਤ ਨੂੰ ਪਰਣਾਈਆਂ ਪ੍ਰੋਲੇਤਾਰੀ ਇਨਕਲਾਬੀ ਤਾਕਤਾਂ ਨੂੰ, ਇਹਨ੍ਹਾਂ ਸੰਭਾਵਨਾਵਾਂ ਨੂੰ ਅਮਲ 'ਚ ਸਾਕਾਰ ਕਰਨ ਲਈ ਲਾਜ਼ਮੀ ਢੁਕਵੇਂ ਦਾਅਪੇਚ, ਪੈਂਤੜੇ ਤੇ ਨਾਹਰੇ ਘੜਨੇ ਚਾਹੀਦੇ ਹਨ ਅਤੇ ਇਹਨਾਂ ਵਰਗਾਂ ਦੀਆਂ ਲਹਿਰਾਂ ਉਤੇ ਆਪਣੀ ਸਿਆਸੀ ਲੀਡਰ ਸ਼ਿਪ ਸਥਾਪਤ ਕਰਨੀ ਚਾਹੀਦੀ ਹੈ।

ਇਹ ਇਕ ਹਕੀਕਤ ਹੈ ਕਿ ਅੱਜ ਖਾਸ ਕਰਕੇ ਕੇਂਦਰੀ ਤੇ ਉਤਰੀ ਭਾਰਤ ਦੇ 'ਹਿੰਦੀ ਖੇਤਰ" ਦੀ ਹਿੰਦੂ ਵਸੋਂ ਦੇ ਤਕੜੇ ਹਿੱਸੇ (ਖਾਸ ਕਰਕੇ ਮੱਧ ਵਰਗ) ਭਾਰਤੀ ਹਾਕਮਾਂ ਦੇ ਇਸ ਪਿਛਾਖੜੀ/ਫਾਸ਼ੀਵਾਦ ਪੈਂਤੜੇ ਨੂੰ ਤਕੜਾ ਹੁੰਗਾਰਾ ਭਰ ਰਹੇ ਤੇ ਫਾਸ਼ੀਵਾਦ ਦੇ ਇਸ ਅਮਲ ਨੂੰ ਜਨਤਕ ਢੋਈ ਮੁਹੱਈਆ ਕਰ ਰਹੇ ਹਨ। ਇਸ ਹਕੀਕਤ ਨੂੰ ਅਣਡਿੱਠ ਕਰਨਾ ਇਕ ਵੱਡੀ ਭੁੱਲ ਹੋਵੇਗੀ ਜਿਹੜੀ ਕਿ ਸਿਆਸੀ ਖੇਤਰ ਅੰਦਰ ਗੰਭੀਰ ਕੁਰਾਹੇ ਨੂੰ ਜਨਮ ਦੇਣ ਦਾ ਅਧਾਰ ਤੇ ਸਾਧਨ ਹੋ

ਨਿਬੜੇਗੀ।

(11) ਭਾਰਤ ਅੰਦਰ ਜ਼ੋਰ ਫੜ ਰਹੇ ਇਸ ਫਾਸੀਵਾਦੀ ਰੁਝਾਣ ਦੇ ਪਰਸੰਗ ਵਿਚ, ਇਹ ਦੇਖਣਾ ਬਹੁਤ ਹੀ ਜ਼ਰੂਰੀ ਹੈ ਕਿ ਵਸੋਂ ਦੇ ਅੱਡ ਅੱਡ ਹਿੱਸਿਆਂ ਨੂੰ ਇਹ ਕਿਵੇਂ ਤੇ ਕਿਸ ਰੁਖ ਪ੍ਰਭਾਵਤ ਕਰ ਰਿਹਾ ਹੈ, ਅਤੇ ਉਹ ਇਸ ਪ੍ਰਤੀ ਕਿਹੋ ਜਿਹਾ ਰਵੱਈਆ ਤੇ ਵਤੀਰਾ ਧਾਰਨ ਕਰ ਰਹੇ ਹਨ ? ਕਿਉਂਕਿ ਭਾਰਤੀ ਹਾਕਮਾਂ ਦੇ ਇਸ ਫਾਸ਼ੀ ਜਬਰ ਦੀ ਵੱਧ ਤਿੱਖੀ ਮਾਰ ਜ਼ਿਆਦਾ ਕਰਕੇ ਘੱਟ ਗਿਣਤੀ ਵਰਗਾਂ ਨੂੰ ਹੀ ਸਹਿਣੀ ਪੈ ਰਹੀ ਹੈ (ਠੋਸ ਤੱਥ, ਅੰਕੜੇ ਤੇ ਵੇਰਵੇ ਇਸਦਾ ਮੂੰਹ-ਬੋਲਦਾ ਸਬੂਤ ਹਨ) ਅਤੇ ਮਕਾਰ ਹਾਕਮਾਂ ਹੱਥੋਂ, ਹਿੰਦੂ ਵਰਗ ਦੇ ਗੁਮਰਾਹ ਹੋਏ ਕਾਫੀ ਹਿੱਸੇ ਭਾਰਤੀ ਹਾਕਮਾਂ ਦੇ ਇਸ ਪਿਛਾਖੜੀ/ਫਾਸ਼ੀਵਾਦੀ ਪੈਂਤੜੇ ਦੀ ਖੁਲ੍ਹਮ-ਖੁਲ੍ਹੀ ਜਾਂ ਘੱਟ-ਜ਼ਾਹਰਾ ਹਮਾਇਤ ਕਰ ਰਹੇ ਹਨ ਇਸ ਲਈ, ਘੱਟ ਗਿਣਤੀ ਵਰਗਾਂ ਅੰਦਰ ਬਹੁ-ਗਿਣਤੀ ਫਿਰਕੇ ਦੇ ਲੋਕਾਂ ਪ੍ਰਤੀ ਫਿਰਕੂ ਤੁਅੱਸਬ ਅਤੇ ਗੁੱਸੇ ਦੀਆਂ ਭਾਵਨਾਵਾਂ ਦਾ ਹੋਣਾ ਇਕ ਸੁਭਾਵਕ ਕਰਮ ਹੈ। ਬਿਨਾਂ ਸ਼ੱਕ, ਸਮਾਜ ਦੇ ਵੱਖ ਵੱਖ ਵਰਗਾਂ ਅੰਦਰ ਵਧ ਰਹੀ ਇਹ ਫਿਰਕੂ ਵੰਡ, ਨਫਰਤ 'ਤੇ ਦੁਸ਼ਮਣੀ, ਇਨਕਲਾਬੀ ਜਮਹੂਰੀ ਲਹਿਰ ਦੀ ਉਸਾਰੀ ਦੇ ਰਾਹ 'ਚੋ ਇਕ ਗੰਭੀਰ ਅੜਿੱਕਾ, ਇਕ ਗੰਭੀਰ ਸਮੱਸਿਆ ਹੈ। ਇਸ ਸਮੱਸਿਆ ਨੂੰ ਹੱਲ ਕਰਨ ਲਈ, ਇਸ ਸਮੱਸਿਆ ਦੇ ਰੈਸ਼ਨੇਲ ਨੂੰ ਸਮਝਣਾ ਜ਼ਰੂਰੀ ਹੈ।

(12) ਪੰਜਾਬ ਦੀਆਂ ਠੋਸ ਹਾਲਤਾਂ ਦੇ ਪਰਸੰਗ 'ਚ ਗੱਲ ਕਰਦਿਆਂ, ਜੇਕਰ ਇਹ ਸੱਚ ਹੈ ਕਿ ਹਿੰਦੂ ਵਸੋਂ ਦੇ ਤਕੜੇ ਹਿਸੇ ਕਿਸੇ ਨਾ ਕਿਸੇ ਰੂਪ 'ਚ ਫਾਸ਼ੀ ਪੈਂਤੜੇ ਦਾ ਪੱਖ ਪੂਰ ਰਹੇ ਹਨ, ਤਾਂ ਇਨਕਲਾਬੀ ਜਮਹੂਰੀ ਤਾਕਤਾਂ ਦਾ ਇਹ ਕਾਰਜ ਤੇ ਫਰਜ਼ ਬਣਦਾ ਬਣਦਾ ਹੈ ਕਿ, ਉਹ, ਹਿੰਦੂ ਵਸੋਂ ਦੇ ਇਹਨਾਂ ਹਿਸਿਆਂ ਨੂੰ ਜਮਹੂਰੀ ਪੈਂਤੜੇ 'ਤੇ ਲਿਆਉਣ ਲਈ ਉਹਨਾਂ ਨੂੰ ਭਾਰਤੀ ਹਾਕਮਾਂ ਦੇ ਫਿਰਕੂ, ਫਾਸ਼ੀਵਾਦੀ ਪੈਂਤੜੇ ਵਿਰੁਧ ਸਰਗਰਮ ਤੇ ਲਾਮਬੰਦ ਕਰਨ। ਜੇਕਰ ਪਹਿਲਾਂ ਹੀ ਹਿੰਦੂ ਸ਼ਾਵਨਵਾਦੀ ਵਿਚਾਰਧਾਰਾ ਦੇ ਅਸਰ ਹੇਠ ਆਏ ਇਹਨਾਂ ਹਿੱਸਿਆਂ ਅੰਦਰ, ਘੱਟ ਗਿਣਤੀ ਵਰਗਾਂ ਦੇ ਤੰਗਨਜ਼ਰ ਰੁਝਾਨਾਂ ("ਖਾਲਿਸਤਾਨੀ ਦਹਿਸ਼ਤਗਰਦ" ਜਾਂ "ਫਿਰਕੂ ਜਨੂੰਨੀਆਂ") ਖਿਲਾਫ ਹੀ ਤਵਾ ਲਾਇਆ ਜਾਂਦਾ ਹੈ, ਤਾਂ ਇਹ ਅਮਲ ਸਿਧੇ ਤੇ ਸਪਸ਼ਟ ਰੂਪ 'ਚ ਫਿਰਕੂ ਪਾੜੇ ਨੂੰ ਵਧਾਉਣ ਦਾ ਹੀ ਸਾਧਨ ਹੋ ਨਿਬੜਦਾ ਹੈ। (ਕਿਉਂਕਿ ਘੱਟ ਗਿਣਤੀ ਵਰਗਾਂ ਵਿਰੁਧ ਇਸੇ ਜ਼ਹਿਰੀਲੇ ਪ੍ਰਾਪੇਗੰਡੇ ਦੇ ਆਸਰੇ ਹੀ ਤਾਂ ਭਾਰਤੀ ਹਾਕਮ ਇਹਨਾਂ 'ਹਿੰਦੂ' ਹਿੱਸਿਆਂ ਨੂੰ ਆਪਣੇ ਪਿਛਾਖੜੀ/ਫਾਸ਼ੀਵਾਦੀ ਪੈਂਤੜੇ ਦੇ ਹੱਕ 'ਚ ਲਾਮਬੰਦ ਕਰ ਰਹੇ ਹਨ) ਕੁਝ 'ਨਕਸਲੀ' ਧੜਿਆਂ ਦੀ ਇਸ ਗਲਤ ਤੇ ਉਲਟੀ ਸੋਚ ਸਦਕਾ ਹੀ, ਉਨ੍ਹਾਂ ਦਾ 'ਫਿਰਕਾਪ੍ਰਸਤੀ ਵਿਰੋਧੀ ਪ੍ਰਚਾਰ' ਭਾਰਤੀ ਹਾਕਮਾਂ ਨੂੰ ਪੂਰੀ ਤਰ੍ਹਾਂ ਰਾਸ ਬੈਠ ਰਿਹਾ ਹੈ, ਅਤੇ ਇਹਨਾਂ ਦੋਨਾਂ ਦੀ 'ਫਿਰਕੂ ਜਨੂੰਨ' ਵਿਰੁੱਧ ਸ਼ਬਦਾਵਲੀ ਤੇ ਸੁਰ ਹੈਰਾਨੀ ਦੀ ਹੱਦ ਤੱਕ ਸਾਂਝੀ ਹੋ ਨਿਬੜੀ ਹੈ।

ਇਸੇ ਤਰ੍ਹਾਂ, ਘੱਟ ਗਿਣਤੀ ਵਰਗਾਂ ਨੂੰ ਖਰੇ ਜਮਹੂਰੀ ਪੈਂਤੜੇ 'ਤੇ ਲਿਆਉਣ ਲਈ, ਉਹਨਾਂ ਨੂੰ ਜਚਣਹਾਰ ਲਹਿਜੇ 'ਚ ਇਹ ਗੱਲ ਸਮਝਾਉਣ ਦੀ ਲੋੜ ਹੈ ਕਿ ਉਨ੍ਹਾਂ ਵਲੋਂ ਸਮੁੱਚੇ ਬਹੁ-ਗਿਣਤੀ ਵਰਗ ਪ੍ਰਤੀ ਧਾਰੀ ਤੰਗ ਨਜ਼ਰ ਤੇ ਫਿਰਕੂ ਪਹੁੰਚ, ਖੁਦ ਉਹਨਾਂ ਦੀ ਹੀ (ਕੇਂਦਰੀ ਹਾਕਮਾਂ ਵਿਰੁਧ ਵਿੱਢੀ) ਹੱਕੀ ਜੱਦੋਜਹਿਦ ਨੂੰ ਅਤੇ ਸਭਨਾਂ ਲੋਕਾਂ ਦੀ ਮੁਕਤੀ ਦੇ ਕਾਜ਼ ਨੂੰ ਮਾੜੇ-ਰੁਖ ਪ੍ਰਭਾਵਤ ਕਰਨ, ਅਤੇ ਇਉਂ ਉਹਨਾਂ ਦੇ ਹੀ ਦੁਸ਼ਮਣ-ਕੇਂਦਰੀ ਹਾਕਮਾਂ ਦੇ ਹੱਥ ਮਜ਼ਬੂਤ ਕਰਨ 'ਚ ਹੋ ਰਹੀ ਹੈ।

(13) ਸਮੱਸਿਆ ਦੀ ਇਸ ਰੂਪ ਠੋਸ ਪਛਾਣਕਾਰੀ ਅਤੇ ਅੱਡ-ਅੱਡ ਵਰਗਾਂ ਅੰਦਰ ਪਰਚਾਰ ਤੇ ਸਰਗਰਮੀਆਂ ਵਿਚਕਾਰ ਇਹ ਹਕੀਕਤ-ਮੁਖੀ ਵਖਰੇਵਾਂ ਹੀ ਸਮੁੱਚੇ ਲੋਕਾਂ ਦੀ ਸੰਗਰਾਮੀ ਸਾਂਝ ਉਸਾਰਨ 'ਚ ਵਧੇਰੇ ਅਸਰਦਾਰ ਤੇ ਸਹਾਈ ਹੋ ਸਕਦਾ ਹੈ। ਆਪਣੇ ਸਮੁੱਚੇ ਕੰਮ-ਕਾਜ ਨੂੰ, ਨਕਾਰਾਤਮਿਕ ਪੈਂਤੜੇ ਤੋਂ "ਫਿਰਕਾਪ੍ਰਸਤੀ ਵਿਰੁੱਧ ਲੜਾਈ" ਦੇ ਨਕਾਰੀ ਕਾਰਜ ਤਕ ਸੰਗੋੜ ਦੇਣਾ, ਅਸਲੋਂ ਹੀ ਗਲਤ ਦਿਸ਼ਾ ਅਖਤਿਆਰ ਕਰਨਾ ਹੈ। "ਫਿਰਕਾਪ੍ਰਸਤੀ ਨੂੰ ਭਾਂਜ ਦੇਣ" ਦੇ ਨਕਾਰੂ ਪੈਂਤੜੇ ਦੇ ਉਲਟ, ਇਨਕਲਾਬੀ ਕਮਿਊਨਿਸਟਾਂ ਨੂੰ, ਲੁਟੇਰੇ ਭਾਰਤੀ ਰਾਜ-ਪ੍ਰਬੰਧ ਵਿਰੁੱਧ ਸਭਨਾਂ ਲੋਕਾਂ ਤੇ ਘੱਟ ਗਿਣਤੀਆਂ ਦੀ "ਸੰਗਰਾਮੀ ਸਾਂਝ ਉਸਾਰਨ" ਦਾ ਹਾਂ-ਪੱਖੀ ਤੇ ਉਸਾਰੂ ਪੈਂਤੜਾ ਧਾਰਨ ਕਰਨਾ ਤੇ ਉਭਾਰਨਾ ਚਾਹੀਦਾ ਹੈ।

(14) ਫਾਸ਼ੀਵਾਦ ਦੇ ਸੰਬੰਧ 'ਚ ਧੁਰ-ਗਹਿਰਾਈ ਤੱਕ ਸਮਝਣ ਵਾਲੀ ਆਖਰੀ ਗੱਲ, ਭਾਰਤੀ ਹਾਕਮਾਂ ਵਲੋਂ ਛੇੜੇ ਹਿੰਦੂ-ਪੁਨਰਵਾਦ ਦੇ ਵਰਤਾਰੇ ਦੀਆਂ ਅਤਿ ਗੰਭੀਰ ਮੰਤਕੀ ਅਰਥ-ਸੰਭਾਵਨਾਵਾਂ ਨੂੰ ਹਕੀਕੀ ਰੂਪ 'ਚ ਸਮਝਣਾ ਤੇ ਇਨ੍ਹਾਂ ਪ੍ਰਤੀ ਹੁਣੇ ਤੋਂ ਸੁਚਤ ਵਤੀਰਾ ਤੇ ਦਰੁਸਤ-ਨੀਤੀ ਅਖਤਿਆਰ ਕਰਨਾ ਹੈ।

ਸੰਸਾਰ ਇਤਿਹਾਸ ਅੰਦਰ ਉਭਰੇ ਅਜਿਹੇ ਫਾਸ਼ੀਵਾਦੀ ਵਰਤਾਰਿਆਂ ਦਾ ਸਮੁੱਚਾ ਤਜਰਬਾ ਇਹ ਦਰਸਾਉਂਦਾ ਹੈ ਕਿ ਹਾਕਮ ਵਰਗ ਵਲੋਂ ਇਕ ਵਾਰ ਸੁਚੇਤ ਤੇ ਵਿਉਂਤਬੱਧ ਰੂਪ 'ਚ ਛੇੜਿਆ ਅਜਿਹਾ ਕੋਈ ਵੀ

ਫਾਸ਼ੀਵਾਦ ਅਮਲ, ਆਪਣੀ ਮੰਤਕ ਮੰਜ਼ਲ ਤਕ ਪਹੁੰਚਣ ਦੀ ਧੁੱਸ ਤੇ ਦਿਸ਼ਾ ਅਖਤਿਆਰ ਕਰਦਾ ਹੈ। ਅਜਿਹਾ ਫਾਸ਼ੀਵਾਦੀ ਪੈਂਤੜਾ ਹਾਕਮ ਵਰਗ ਅੰਦਰਲੇ ਕਿਸੇ ਵਿਅਕਤੀ–ਵਿਸ਼ੇਸ਼ ਜਾਂ ਗੁੱਟ ਦੀ ਹੈਸੀਅਤ ਨੂੰ ਖੜ੍ਹੇ ਹੋਏ ਖਤਰੇ ਨਾਲੋਂ ਵੱਧ, ਸਮੁੱਚੇ ਲੋਟੂ ਹੁਕਮਰਾਨ ਵਰਗ ਤ ਢਾਂਚੇ ਨੂੰ ਦਰਪੇਸ਼ ਸੰਕਟ ਦੀ ਉਪਜ ਹੁੰਦਾ ਹੈ। ਵਿਅ–ਕਤੀ ਵਿਸ਼ੇਸ਼ ਤੇ ਉਸਦੇ ਗੁੱਟ ਦੀਆਂ ਸਿਆਸੀ ਲੋੜਾਂ ਤੇ ਗਿਣਤੀਆਂ–ਮਿਣਤੀਆਂ ਤਬਦੀਲ ਹੋ ਸਕਦੀਆਂ ਹਨ, ਪਰ ਜਿੰਨਾ ਚਿਰ ਸੰਕਟ ਮੌਜੂਦ ਹੈ, ਲੋਟੂ ਢਾਂਚੇ ਦੀ ਸਲਾਮਤੀ ਦੇ ਯਤਨ ਤੇ ਉਪਾਅ ਵਜੋਂ, ਫਾਸ਼ੀਵਾਦ ਦੀ ਲੋੜ ਅਟੱਲ ਬਣੀ ਰਹਿੰਦੀ ਹੈ। ਜਿਹੜਾ ਵਿਅਕਤੀ ਵਿਸ਼ੇਸ਼ ਜਾਂ ਹੁਕਮਰਾਨ ਗੁੱਟ ਇਸ ਬਾਹਰਮੁਖੀ ਲੋੜ ਦੀ ਪੂਰਤੀ ਨਹੀਂ ਕਰ ਸਕਦਾ, ਉਸਨੂੰ ਦੇਰ–ਅਵੇਰ ਹਕੂਮਤੀ ਅਹਦੇ ਤੋਂ ਲਾਂਭੇ ਕਰ ਦੇਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹਾਕਮ ਵਰਗ ਅੰਤਮ ਤੌਰ ਤੇ ਉਸ ਵਿਅਕਤੀ–ਵਿਸ਼ੇਸ਼ ਤੇ ਗੁੱਟ ਨੂੰ ਲੱਭ ਲੈਣ ਜਾਂ ਸ਼ਿੰਗਾਰ ਲੈਣ 'ਚ ਸਫਲ ਹੋ ਨਿਬੜਦਾ ਹੈ, ਜਿਹੜਾ, ਸਮੇਂ ਦੀ ਮੰਗ ਉੱਤੇ ਪੂਰਾ ਉਤਰ ਸਕੇ। ਇਸ ਅਮਲ ਦੌਰਾਨ ਹਾਕਮ ਵਰਗ ਵਲੋਂ ਵੱਖ ਵੱਖ ਵਿਅਕਤੀਆਂ/ਗੁੱਟਾਂ ਨੂੰ ਅਜ਼ਮਾਉਣ ਤੇ ਰੱਦਣ ਦੇ ਸਿਲਸਿਲੇ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸੋ ਭਾਵੇਂ ਹਾਕਮ ਵਰਗ ਅੰਦਰਲੇ ਇਸ ਅਮਲ ਨੂੰ ਡੂੰਘੀ ਨੀਝ ਨਾਲ ਦੇਖਦੇ ਰਹਿਣਾ ਚਾਹੀਦਾ ਹੈ। (ਕਿਉਂਕਿ ਇਹ ਅਮਲ ਫੌਰੀ ਸਿਆਸੀ ਘਟਨਾ ਕਰਮਾਂ ਉੱਤੇ ਅਹਿਮ ਅਸਰ ਛੱਡਦਾ ਹੈ) ਪਰ ਹਾਕਮ ਵਰਗ ਅੰਦਰੋਂ ਹੀ ਕਿਸੇ 'ਨੇਕਦਿਲ', 'ਰਹਿਮ–ਦਿਲ' ਜਾਂ 'ਨਰਮ ਦਿਲ' ਵਿਅਕਤੀ ਕੋਲੋਂ ਇਹ ਝਾਕ ਰੱਖਣੀ ਕਿ ਉਹ ਫਾਸ਼ੀਵਾਦ ਦੇ ਅਮਲ ਨੂੰ ਠੱਲ੍ਹ ਪਾਉਣ ਜਾਂ ਪੁੱਠਾ ਗੇੜ ਦੇਣ 'ਚ ਸਫਲ ਹੋ ਜਾਵੇਗਾ, ਗੰਭੀਰ ਭੁਲੇ–ਖਿਆਂ ਦਾ ਸ਼ਿਕਾਰ ਹੋਣਾ ਹੈ, ਭੁਲੇਖੇ, ਜਿਹਨਾਂ ਦੀ ਕੀਮਤ ਹਮੇਸ਼ਾਂ ਬੇਤਹਾਸ਼ੇ ਖੂਨ ਨਾਲ ਹੀ ਅਦਾ ਕਰਨੀ ਪਿਆ ਕਰਦੀ ਹੈ।

(15) ਇਸ ਪੱਖੋਂ ਦੇਖਿਆ, ਭਾਰਤ ਅੰਦਰ ਸ਼ੁਰੂ ਹੋਏ ਹਿੰਦੂ–ਪੁਨਰਵਾਦ ਤੇ ਸ਼ਾਵਨਵਾਦ ਦੇ ਵਸ਼ੀ ਵਰ–ਤਾਰੇ ਦਾ ਮੰਤਕੀ ਸਿੱਟਾ, ਘੱਟ–ਗਿਣਤੀ ਵਰਗਾਂ ਅਤੇ ਦਲਿਤਾਂ ਦੇ ਕਿਤੇ ਵੱਧ ਵਿਆਪਕ ਪੈਮਾਨੇ 'ਤੇ ਹੋਰ ਵੀ ਵਧੇਰੇ ਵਹਿਸ਼ੀਆਨਾ ਕਤਲੇਆਮਾਂ 'ਚ ਨਿਕਲਣਾ ਹੈ। ਬਕਾਇਦਾ ਵਿਉਂਤਬੱਧ ਰੂਪ 'ਚ ਅਤੇ ਵਿਆਪਕ ਪੈਮਾਨੇ 'ਤੇ, ਘੱਟ ਗਿਣਤੀਆਂ ਵਿਰੁਧ ਵਿੱਢ ਜ਼ਹਿਰੀਲੇ ਪ੍ਰਾਪੇਗੰਡੇ ਨੇ, ਅੰਤ ਨੂੰ ਆਪਣੀ ਚੁੰਗ ਵਸੂਲਣੀ ਹੈ। ਇਸ ਦੁਖਾਂ–ਤਕ ਹੋਣੀ ਨੂੰ ਸਿਰਫ ਇਕੋ ਢੰਗ ਨਾਲ ਹੀ ਰੋਕਿਆ ਤੇ ਟਾਲਿਆ ਜਾ ਸਕਦਾ ਹੈ, ਅਤੇ ਇਹ ਢੰਗ ਇਹ ਹੈ ਇਸ ਜਾਬਰ ਰਾਜ–ਮਸ਼ੀਨਰੀ ਨੂੰ ਮੁੱਢੋਂ–ਸੁੱਢੋਂ ਉਖਾੜ ਸੁੱਟਿਆ ਜਾਵੇ। ਜੇਕਰ ਜਬਰ ਦੀ ਇਸ ਮਸ਼ੀਨ ਨੂੰ ਮੁਕੰਮਲ ਤੌਰ 'ਤੇ ਉਖੇੜਿਆ ਤੇ ਭੰਨਿਆ–ਤੋੜਿਆ ਨਹੀਂ ਜਾਂਦਾ, ਤਾਂ ਇਹਦੇ ਰਖਵਾਲੇ ਭਲੇ ਹੀ ਬਦਲ ਜਾਣ ਪਰ ਇਸਦਾ ਬੁਨਿਆਦੀ ਸੁਭਾਅ, ਇਸਦੀ ਫਾਸ਼ੀ ਫਿਤਰਤ ਨੇ ਤਬਦੀਲ ਨਹੀਂ ਹੋਣਾ, ਤੇ ਨਾ ਹੀ ਕਦੇ ਇਸ ਦੀ ਖੂਨ ਦੀ ਪਿਆਸ ਬੁਝਣੀ ਹੈ। ਜਬਰ ਦੀ ਇਸ ਮਸ਼ੀਨ ਦੀ ਚਾਲਕ ਸੀਟ ਉੱਤੇ ਬੈਠੇ ਸ਼ਾਤਰ ਦਿਮਾਗ, ਘੱਟ-ਗਿਣ–ਤੀਆਂ ਦੇ ਕੁਝ ਹਿੱਸਿਆਂ ਨੂੰ ਭਰਮਾਉਣ ਤੇ ਭੁਚਲਾਉਣ ਦੀਆਂ ਚਾਲਾਂ ਤਾਂ ਖੇਡ ਸਕਦੇ ਹਨ, ਉਹਨਾਂ ਮੂਹਰੇ 'ਸਮਝੌਤੇ' ਤੇ 'ਸੁਲਾਹ ਸਫਾਈ' ਦੇ 'ਸੋਨ–ਮਿਰਗ' ਵੀ ਦੌੜਾ ਸਕਦੇ ਹਨ, ਪਰ ਉਹਨਾਂ ਦੇ ਅਸਲੀ ਨਿਸ਼ਨੇ ਤੇ ਮਨੋਰਥ ਕਦੇ ਨਹੀਂ ਬਦਲਣੇ। ਮੂੰਹ 'ਚੋਂ 'ਰਾਮ ਰਾਮ' ਉਚਰਦੇ ਹੋਏ ਵੀ, ਉਹ ਬਗਲ ਅੰਦਰਲੀਆਂ ਛੁਰੀਆਂ ਉਤੇ ਰੇਤੀ ਚਲਾ ਰਹੇ ਹੋਣਗੇ।

ਸੋ ਆਉਣ ਵਾਲੇ ਸਮੇਂ 'ਚ ਭਾਰਤੀ ਹਾਕਮਾਂ ਵਲੋਂ ਇਹ ਦੋਨੋਂ ਅਮਲ ਨਾਲੋ ਨਾਲ ਚਲਦੇ ਰਹਿਣਗੇ: ਘੱਟ–ਗਿਣਤੀਆਂ ਦੇ ਕੁਝ ਧਨਾਢ ਹਿੱਸਿਆਂ ਨੂੰ ਆਪਣੇ ਨਾਲ ਰਲਾਉਣ ਤੇ ਹੋਰਨਾਂ ਨੂੰ ਭੁਚਲਾਉਣ ਤੇ ਫੁਸ–ਲਾਉਣ ਦੇ ਉਪਰਾਲੇ ਵੀ ਹੁੰਦੇ ਰਹਿਣਗੇ, ਅਤੇ ਅੰਤ ਨੂੰ, ਨਾਜ਼ੀਵਾਦੀ ਲੀਹਾਂ ਉਤੇ, ਘੱਟ-ਗਿਣਤੀ ਵਰਗਾਂ ਦੇ ਕਿਤੇ ਵੱਧ ਭਿਆਨਕ ਕਤਲੇਆਮਾਂ ਦੀਆਂ ਤਿਆਰੀਆਂ ਵੀ ਚਲਦੀਆਂ ਰਹਿਣਗੀਆਂ। ਦੱਖਣੀ ਏਸ਼ੀਆਈ ਖਿੱਤੇ ਅੰਦਰ ਭਾਰਤੀ ਹੁਕਮਰਾਨਾਂ ਦੇ ਭੂਗੋਲਿਕ–ਸਿਆਸੀ ਹਿਤਾਂ ਅਤੇ ਕੁੱਝ ਇਤਿਹਾਸਕ ਫੈਕਟਰਾਂ ਦੇ ਅੰਤਰ–ਕਰਮ 'ਤੋਂ ਉਪਜੇ ਫਿਰਕੂ–ਸ਼ਾਵਨਵਾਦੀ ਸਿਆਸੀ ਤਕਾਜ਼ੇ ਇਹ ਦਰਸਾਉਂਦੇ ਹਨ ਕਿ ਹਿੰਦੂ ਸ਼ਾਵਨਵਾਦ ਦੇ ਇਸ ਕਹਿਰ ਦੀ ਮੁੱਖ ਧਾਰ, ਬਹੁਤ ਕਰਕੇ, ਮੁਸਲਿਮ ਵਰਗ ਵੱਲ ਹੀ ਸੇਧਤ ਰੱਖੀ ਜਾਵੇਗੀ, ਅਤੇ ਹਾਕਮ ਵਰਗ ਦੇ ਕੁਝ ਹਿੱਸਿਆਂ ਵਲੋਂ ਸਿੱਖਾਂ ਨੂੰ ਪਲੋਸਣ ਤੇ ਵਰਚਾਉਣ ਦੀ ਸਿਆਸੀ ਪਾਲਸੀ ਦੀ ਜ਼ੋਰਦਾਰ ਵਕਾਲਤ ਕੀਤੀ ਜਾਵੇਗੀ। ਪਰ ਘੱਟ ਗਿਣਤੀਆਂ ਵਿਰੁੱਧ ਵਿਛਾਈਆਂ ਫਿਰਕੂ ਨਫਰਤ ਤੇ ਦੁਸ਼ਮਣੀ ਦੀਆਂ 'ਬਰੂਦੀ ਸੁਰੰਗਾਂ' ਕਿਸੇ ਵੀ ਮੌਕੇ, ਕਿਸੇ ਵੀ ਘੱਟ ਗਿਣਤੀ ਵਰਗ ਦੀਆਂ ਲਾਸ਼ਾਂ ਦੇ ਸੱਥਰ ਵਿਛਾ ਸਕਦੀਆਂ ਹਨ।

ਇਨਕਲਾਬੀ ਜਮਹੂਰੀ ਤਾਕਤਾਂ ਨੂੰ ਇਸ ਭਵਿਖ ਨਕਸ਼ੇ ਨੂੰ ਮੱਦੇ–ਨਜ਼ਰ ਰਖਦਿਆਂ ਹੀ ਆਪਣੇ ਕਾਰਜਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ ਅਤੇ ਆਪਣੀਆਂ ਸਰਗਰਮੀਆਂ ਨੂੰ ਵੇਲੇ ਦੇ ਇਹਨਾਂ ਕਾਰਜਾਂ ਮੁਤਾਬਕ ਉਲੀਕਿਆ ਅਤੇ ਵਿਉਂਤਿਆ ਜਾਣਾ ਚਾਹੀਦਾ ਹੈ।

(16) ਇਸ ਵਿਚਾਰ-ਚਰਚਾ ਦੀ ਰੋਸ਼ਨੀ 'ਚ

ਕਮਿ: ਇਨ: ਲਹਿਰ ਦੇ ਉਹਨਾਂ ਸੁਹਿਰਦ ਹਿੱਸਿਆਂ ਨੂੰ, ਜਿਹੜੇ ਕਿਸੇ ਨਾ ਕਿਸੇ ਕਾਰਨ ਕਰਕੇ ਹਥਲੇ ਮਸਲੇ ਪ੍ਰਤੀ ਗਲਤ ਸਮਝ ਤੇ ਗੈਰ ਇਨਕਲਾਬੀ ਲੀਹ ਦੇ ਕੁਲਹਿਣੇ ਅਸਰ ਹੇਠ ਆਏ ਹੋਏ ਹਨ, ਆਪਣੇ ਸਮੁੱਚੇ ਨੀਤੀ-ਪੈਂਤੜਿਆਂ ਤੇ ਕਾਰਜਾਂ-ਅਮਲਾਂ ਉਤੇ ਮੁੜ-ਝਾਤ ਮਾਰਨੀ ਚਾਹੀਦੀ ਹੈ, ਅਤੇ ਉਹਨਾਂ ਨੂੰ ਇਕ ਅਸਲੋਂ ਹੀ ਗਲਤ ਦਿਸ਼ਾ ਵੱਧ ਧੱਕ ਰਹੀ ਸਿਆਸੀ ਲੀਹ ਦੀਆਂ ਸਿਧਾਂਤਕ ਬੁਨਿਆਦਾਂ ਨੂੰ ਪੜਚੋਲਵੀਂ ਨਜ਼ਰ ਹੇਠ ਲਿਆਉਣ ਚਾਹੀਦਾ ਹੈ। ਭਾਵੇਂ ਜੋ ਕੁਝ ਉਹ ਅੱਜ ਕਰ-ਗੁਜ਼ਰ ਰਹੇ ਹਨ ਉਹ ਵੀ ਕੋਈ ਘੱਟ ਗਲਤ ਜਾਂ ਗੰਭੀਰ ਨਹੀਂ ਪਰ ਉਹਨਾਂ ਦੀ ਸਿਆਸੀ ਲੀਹ ਦਾ ਮੰਤਕ ਉਹਨਾਂ ਨੂੰ ਭਵਿੱਖ ਅੰਦਰ ਜਿਸ ਉਲਟ ਇਨਕ-ਲਾਬੀ ਚਿੱਕੜ ਵਿਚ ਲਿਜਾ ਸੁਟੇਗਾ ਉਹ ਬਹੁਤ ਹੀ ਅਫਸੋਸਨਾਕ ਤੇ ਘਾਤਕ ਹੋਵੇਗਾ। ਉਪਰ ਬਿਆਨੇ ਸਿਧਾਂਤਕ ਨੁਕਤਿਆਂ ਉਤੇ ਆਪਣੀ ਘਚੋਲੇ-ਗਰੱਸੀ ਸਮਝ ਤੇ ਗਲਤ ਸਿਆਸੀ ਸੇਧ ਸਦਕਾ, ਉਹ, ਜਿਸ ਜਗ੍ਹਾ ਉਤੇ ਅੱਜ ਪਹੁੰਚ ਚੁੱਕੇ ਹਨ, ਇਸਦਾ ਉਹਨਾਂ ਨੂੰ ਪਹਿਲਾਂ ਖਿਆਲ ਤੇ ਚਿੱਤ-ਚੇਤਾ ਵੀ ਨਹੀਂ ਸੀ, ਅਤੇ ਉਹਨਾਂ ਦੀ ਇਸੇ ਹੀ ਗਲਤ ਸਿਆਸੀ ਲੀਹ ਦਾ ਮੰਤਕ ਤੇ ਧੁੱਸ ਉਹਨਾਂ ਨੂੰ ਆਉਣ ਵਾਲੇ ਸਮੇਂ 'ਚ ਜਿਹੜੀ 'ਖੱਡ' ਵਿਚ ਲਿਜਾ ਸੁਟੇਗੀ, ਉਸਦੀ ਉਹ ਅੱਜ ਕਲਪਨਾ ਵੀ ਨਹੀਂ ਕਰ ਸਕਦੇ। ਕਿਸੇ ਅਜਿਹੀ ਮੰਦਹੋਣੀ ਨੂੰ ਟਾਲਣ ਲਈ 'ਮਨ ਦੀ ਸਫਾਈ' ਤੇ 'ਨੇਕ ਇਛਾਵਾਂ' ਹੀ ਕਾਫੀ ਨਹੀਂ, ਸਗੋਂ ਪ੍ਰੋਲੇਤਾਰੀ ਇਨਕਲਾਬੀ ਨਜ਼ਰੀਏ 'ਤੇ ਅਧਾਰਤ ਤਿੱਖੀ ਸਿਆਸੀ ਸੂਝ-ਦ੍ਰਿਸ਼ਟੀ ਤੇ ਜੁਰਅਤ-ਮੰਦ ਸਿਆਸੀ ਪੈਂਤੜੇ ਦੀ ਜ਼ਰੂਰਤ ਹੈ। ਅਤੇ ਇਤਿ-ਹਾਸ ਦੇ ਅਜਿਹੇ ਤ੍ਰਿਖੁ-ਕਣੇ ਮੋੜ ਹੀ ਤਾਂ ਹੁੰਦੇ ਹਨ ਜਦ ਪ੍ਰੋਲੇਤਾਰੀ ਇਨਕਲਾਬੀ ਲਹਿਰ ਦੇ ਸਿਧਾਂਤਕ ਗੁੱਣੇ ਤੇ ਸਿਆਸੀ ਜਿਗਰੇ ਨੂੰ ਤਿਖੀਆਂ ਵੰਗਾਰਾਂ ਤੇ ਕਰੜੇ ਇਮ-ਤਿਹਾਨਾਂ ਦੇ ਸਨਮੁੱਖ ਆਪਣੇ 'ਅਸਲੇ' ਦਾ ਸਬੂਤ ਪੇਸ਼ ਕਰਨਾ ਪਿਆ ਕਰਦਾ ਹੈ।

0

---

## ਦੋ ਚਿੱਠੀਆਂ

ਸੰਪਾਦਕ ਜੀਓ !

"ਸਮਤਾ" ਦੇ ਫਰਵਰੀ ਅੰਕ ਵਿਚ ਜਿਥੇ "ਸੰਖੇਪ ਟਿਪਣੀਆਂ" ਇਕ ਅਸਲੋਂ ਹੀ ਨਵਾਂ ਫੀਚਰ ਹੈ ਉਥੇ ਸੰਖੇਪ ਰੂਪ ਵਿਚ ਸਮੇਂ ਦੀ ਪੈੜ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਸੁਚੇਤ ਕਰਨ ਦਾ ਵੀ ਠੀਕ ਉਪਰਾਲਾ ਹੈ। ਪੰਜਾਬ ਇਨਕਲਾਬੀ ਕੇਂਦਰ ਵਿਚ ਜੋ "ਮਾਰਕਸ-ਵਾਦ-ਲੈਨਿਨਵਾਦ" ਦੀ ਜ਼ਰੂਰੀ ਸ਼ਰਤ ਨੂੰ ਸਿਧਾਂਤਕ ਅਤੇ ਜਥੇਬੰਦਕ ਤੌਰ 'ਤੇ ਹਟਾ ਦਿਤਾ ਗਿਆ ਹੈ, ਇਹ ਕੇਂਦਰ ਦੀ ਠੀਕ ਆਮ ਸੇਧ ਲਈ ਅਤਿ ਜ਼ਰੂਰੀ ਸੀ।

"ਸਮਤਾ" ਵਿਚ ਜਿਥੇ ਮੇਰਠ ਦੇ ਮੁਸਲਮਾਨਾਂ ਅਤੇ ਸਿੱਖਾਂ ਦੀ ਸਰਕਾਰੀ-ਮਸੀਨਰੀ ਰਾਹੀਂ ਕਤਲੋਗਾਰਦ ਹੈ ਉਥੇ 'ਸਮਤਾ' ਨੇ ਅਜੇ ਭਾਰਤੀ ਸੰਘ ਅੰਦਰ ਰਹਿ ਰਹੀਆਂ ਘੱਟ ਗਿਣਤੀਆਂ ਅਤੇ ਦਲਿਤ ਵਰਗ ਦੀ ਠੀਕ ਤਸਵੀਰ, ਨਿਰਣੇ ਅਤੇ ਕੋਈ ਸੇਧ ਨਹੀਂ ਪ੍ਰਦਾਨ ਕੀਤੀ ਅਤੇ ਨਾ ਹੀ ਦੇਸ਼ ਅੰਦਰ "ਫੈਡਰਲ-ਢਾਂਚੇ" ਦੀ ਸਥਾ-ਪਤੀ ਬਾਰੇ ਕੋਈ ਠੋਸ ਕਦਮ ਚੁੱਕਿਆ ਹੈ।

ਬਾਕੀ ਸੰਸਾਰ ਦੇ ਸਾਰੇ "ਧਰਮਾਂ" ਬਾਰੇ ਇੱਕੋ ਪੈਮਾਨਾ ਫਿੱਟ ਕਰਨਾ ਅਤੇ ਧਾਰਮਿਕ ਅਧਾਰ ਉਤੇ ਕਈ ਥਾਂ "ਸਰਕਾਰ" ਦੇ ਵਿਰੁਧ ਚਲ ਰਹੇ "ਘੋਲ" ਨੂੰ ਸਿਰਫ "ਫਿਰਕਾਪ੍ਰਸਤੀ ਜਾਂ ਕੁਰਸੀ-ਯੁੱਧ" ਦਾ ਫ਼ਤਵਾ ਦੇ ਦੇਣਾ-ਕਠਮੁੱਲਾਂਵਾਦ ਅਤੇ ਸਕੀਰਣਤਾਵਾਦੀ ਰੁਝਾਣ ਹੈ। ਅਸੀਂ ਆਸ ਕਰਦੇ ਹਾਂ ਕਿ ਆਪ ਇਕ ਠੀਕ ਫਾਰਮੂਲੇਸ਼ਨ ਲਈ "ਸਮਤਾ" ਅੰਦਰ ਬਹਿਸ ਚਲਾਉਣ ਦਾ ਯਤਨ ਕਰੋਗੇ।

ਬਾਕੀ "ਸਮਤਾ" ਇਨਕਲਾਬੀ ਕੇਂਦਰ ਅਤੇ ਆਪ ਜੀ ਦਾ ਵਿਅਕਤੀਤਵ ਅੱਜ ਇਕ ਮਹੱਤਵ ਪੂਰਨ ਰੋਲ ਨਿਭਾ ਰਿਹਾ ਹੈ, ਇਥੋਂ ਤਕ ਕਿ "ਕੇਂਦਰ-ਬਿੰਦੂ ਬਣਦਾ ਜਾ ਰਿਹਾ ਹੈ।

ਇਹ ਸਪਸ਼ਟ ਹੈ ਕਿ ਕੇਂਦਰ ਦੇ ਹੁਕਮਰਾਨ ਖੇਤਰੀ ਕਾਰਨਾਂ ਅਤੇ ਸਮੱਸਿਆਂ ਨੂੰ ਜਮਹੂਰੀ ਪੈਂਤੜੇ ਤੋਂ ਹੱਲ ਕਰਨ ਦੀ ਬਜਾਏ ਉਲਝਾ ਰਹੇ ਹਨ ਤਾਂ ਜੋ ਅੱਤਵਾਦ ਅਤੇ ਵੱਖਵਾਦ ਦੇ ਨਾਹਰੇ ਬੁਲੰਦ ਹੋਣ ਅਤੇ ਫਿਰ "ਦੇਸ਼ ਦੀ ਏਕਤਾ" ਦਾ ਰਾਗ ਅਲਾਪਕੇ ਇਨ੍ਹਾਂ ਸਮੱਸਿਆਵਾਂ ਨੂੰ ਓਝਲ ਕਰਕੇ ਹੋਰ ਦਮਨਕਾਰੀ ਤੌਰ-ਤਰੀਕਿਆਂ ਦਾ ਰਾਹ ਪੱਧਰਾ ਕੀਤਾ ਜਾ ਸਕੇ, ਸਾਡੇ ਪੰਜਾਬ ਅੰਦਰ ਇਹ ਪ੍ਰਤੱਖ ਹੋ ਰਿਹਾ ਹੈ। ਅਫਸੋਸ ਤਾਂ ਇਸ ਗੱਲ ਦਾ ਹੈ ਕਿ ਆਪਣੇ ਆਪ ਨੂੰ ਮਾਰਕਸੀ-ਲੈਨਿਨੀ ਕਹਾਉਣ ਵਾਲੇ ਵੀ "ਕੇਂਦਰ" ਦੀ ਬੋਲੀ ਬੋਲਦੇ ਹਨ ਅੰਤ 'ਸੁਰਖ ਰੇਖਾ" ਜਿਸ ਨੇ "ਸਿਆਸਤ ਦੇ ਠੇਕੇ" ਨੂੰ ਹੀ ਆਪਣੀ ਜੇਬ ਵਿੱਚ ਪਾਇਆ ਹੋਇਆ ਹੈ ਇਸ ਇਕ ਸਮੇਂ ਤਾਂ ਲਗਦਾ ਸੀ ਕਿ ਜਿਵੇਂ ਸੀ. ਆਰ. ਪੀ. ਅਤੇ ਇਨ੍ਹਾਂ ਦੇ ਕਾਰਕੂੰਨ "ਸਾਂਝਾ ਫ਼ਰੰਟ" ਬਣਾ ਲੈਣਗੇ।

ਅੱਜ ਦੇ ਅਤਿ ਨਾਜ਼ੁਕ ਅਤੇ ਅਹਿਮ ਮੋੜ ਉਤੇ ਤੁਸੀਂ ਜਿਸ ਦ੍ਰਿੜ੍ਹਤਾ ਅਤੇ ਦਲੇਰੀ ਨਾਲ "ਪੰਜਾਬ ਦਾ ਦਰਦ" ਬਣਕੇ ਮੈਦਾਨ ਵਿਚ ਸਰਗਰਮ ਹੋ—ਅਸੀਂ ਇਸ ਦੀ ਦਾਦ ਹੀ ਨਹੀਂ ਸਗੋਂ ਤੁਹਾਡੇ ਕਦਮਾਂ ਨਾਲ ਜਾਂ ਕਹਿ ਲਵੋ ਤੁਹਾਡੀ ਪੈੜ ਦੇ ਹੀ ਰਾਹੀਂ ਹਾਂ। ਇਹ

Regd. with the Register News Papers Vide No. MA/12397-D Dated 18.4.80

Post Office No. P/AR—133

ਇਕ ਵੱਖਰੀ ਗੱਲ ਹੈ ਕਿ ਸਿਧਾਂਤਕ-ਪ੍ਰੋਗਰਾਮ ਅਤੇ ਜਥੇਬੰਦਕ ਤੌਰ 'ਤੇ ਕੁਝ ਵਿਖਰੇਵਾਂ ਹੈ।

"ਸਮਤਾ" ਦੇ ਪਾਠਕਾਂ ਨੂੰ ਅਤੇ "ਇਨਕਲਾਬੀ ਕੇਂਦਰ ਪੰਜਾਬ" ਦੇ ਕਾਰਕੁੰਨਾਂ ਨੂੰ ਨਿੱਘੀ-ਵਧਾਈ ਅਤੇ ਸ਼ੁਭ ਕਾਮਨਾਵਾਂ ਭੇਜਦੇ ਹੋਏ ਅਸੀਂ ਆਸ ਕਰਦੇ ਹਾਂ ਕਿ ਭਾਰਤੀ ਘੱਟ-ਗਿਣਤੀਆਂ ਅਤੇ ਦਲਿਤ ਵਰਗ ਦੀਆਂ ਸਮੱਸਿਆਵਾਂ ਅਤੇ ਇਨ੍ਹਾਂ ਹੋਣੀ ਬਾਰੇ ਸਾਡੇ ਨਾਲ ਵਿਚਾਰ-ਵਟਾਂਦਰਾ ਸਾਂਝਾ ਕਰਨ ਲਈ "ਸਮਤਾ" ਦੇ ਅਹਿਮ ਵਰਕਿਆਂ ਵਿਚ ਇਨ੍ਹਾਂ ਸ਼ਬਦਾਂ ਨੂੰ ਥਾਂ ਦੇਣ ਦੀ ਕੋਸ਼ਿਸ਼ ਕਰੋਗੇ ਤਾਂ ਜੋ ਸਾਡੀ ਇਹ ਭਾਵਨਾ, ਇਹ ਅਵਾਜ਼ ਪਾਠਕਾਂ ਤਕ ਪਹੁੰਚ ਸਕੇ। ਬਹੁਤ ਹੀ ਸਤਿਕਾਰ ਸਹਿਤ

ਲਾਲ ਸਿੰਘ ਸੇਖੋਂ

ਪ੍ਰਚਾਰ ਸਕੱਤਰ : ਭਾਰਤੀ ਘੱਟ-ਗਿਣਤੀ ਅਤੇ ਦਲਿਤ ਫਰੰਟ

0

## ਇਕ ਚਿੱਠੀ ਇੰਗਲੈਂਡ ਤੋਂ

ਮਾਨਯੋਗ ਭਾ ਜੀ,

ਹਾਰਦਿਕ ਸਤਿਕਾਰ। ਫਰਵਰੀ ਦਾ 'ਸਮਤਾ' ਪਰਸੋਂ ਮਿਲਿਆ ਅੱਜ ਚਿੱਠੀ ਲਿਖ ਰਿਹਾ ਹਾਂ ਕਿ ਇਸ ਵੇਰਾਂ ਤੁਸੀਂ ਕੇਂਦਰ ਬਾਰੇ ਸਾਫ਼ ਸਾਫ਼ ਲਿਖਿਆ ਹੈ ਕਿ ਇਹਦੇ ਪ੍ਰਤੀਕਰਮ ਵਜੋਂ ਹੀ ਹੋਰ ਲਹਿਰਾਂ ਉਹ ਠੀਕ ਹੋਣ ਜਾਂ ਗਲਤ, ਭਾਰਤ ਦੇ ਹਰ ਕੋਨੇ ਵਿਚ ਉੱਠ ਰਹੀਆਂ ਹਨ ਤੇ ਖਾਲਿਸਤਾਨੀਆਂ ਦੀ ਦਹਿਸ਼ਤਗਰਦੀ ਲਈ ਹਕੂਮਤੀ ਦਹਿਸ਼ਤਗਰਦੀ ਸੌ ਪ੍ਰਤੀਸ਼ਤ ਜ਼ੁੰਮੇਂਵਾਰ ਹੈ। ਇਹੋ ਗੱਲ ਜਦ ਤੁਸੀਂ ਇਥੇ ਆਏ ਸੀ ਤਾਂ ਸਾਡੇ ਕਝ ਦੋਸਤਾਂ ਦੇ ਕਹਿਣ ਤੇ ਇਕ ਬਹੁ-ਗਿਣਤੀ ਖੱਬੇ ਪੱਖੀਆਂ ਵਲੋਂ ਖਾਲਿਸਤਾਨੀਆਂ ਦਾ ਪੱਖ ਪੂਰਨ ਦਾ ਟੀਚਾ ਹੀ ਸਮਝੀ ਜਾਂਦੀ ਸੀ, ਤੇ ਹਾਲੇ ਵੀ ਉਹ ਇਥੇ ਹੀ ਖੜੇ ਹਨ। ਦੂਜਾਂ ਰਿਹਾ 'ਦੇਸ ਪ੍ਰਦੇਸ' ਦਾ, ਕਿ ਉਹ ਖਾਲਿਸਤਾਨੀ ਹੈ, ਪਰ ਬਾਕੀ ਸਾਰੇ ਪਰਚੇ ਕੀ, ਇਨਕਲਾਬੀ ਹਨ, ਉਹ ਵੀ ਬਹੁਤਾ ਕਾਂਗਰਸ ਦੇ ਹੱਕ 'ਚ ਲਿਖ ਰਹੇ ਹਨ ਤੇ ਇਕ ਅੱਧਾ ਪੰਜਾਬ ਟਾਈਮਜ਼ ਵਰਗਾ ਵੀ 'ਦੇਸ ਪ੍ਰਦੇਸ' ਦਾ ਹੀ ਜੋਟੀਦਾਰ ਹੈ। ਕੁਝ ਲੋਕ ਜਿਹਨਾਂ ਬਾਰੇ ਤੁਸੀਂ ਵੀ ਲਿਖ ਚੁੱਕੇ ਹੋ ਕਿ ਉਹ (ਜਾਂ ਅਸੀਂ ਵੀ) ਮਾਰਕਸਵਾਦੀ ਸਹੀ ਅਰਥਾਂ ਵਿਚ ਨਹੀਂ, ਸਗੋਂ ਆਪਣੇ ਕਿਸਮ ਦੇ ਜਨੂੰਨੀ ਹੋ ਚੁੱਕੇ ਹਨ, ਉਹਨਾਂ ਨੂੰ ਇਹ ਉੱਕਾ ਫ਼ਿਕਰ ਨਹੀਂ ਕਿ ਲੋਕਾਂ ਵਿਚ ਸਾਡੀ ਕੀ ਥਾਂ ਹੈ, ਉਹਨਾਂ ਨੂੰ ਤਾਂ ਸਿਰਫ਼ ਆਪਣੀ ਮਨ ਖੁਸ਼ੀ ਪੂਰੀ ਕਰਨ ਦੀ ਤੋੜ ਲੱਗੀ ਰਹਿੰਦੀ ਹੈ ਤੇ ਉਹ ਅੰਧਾ ਧੁੰਦ ਆਪਣੇ ਹੀ ਸਾਥੀਆਂ ਤੇ ਫ਼ਾਇਰਿੰਗ ਕਰਨ ਦਾ ਮਜ਼ਾ ਲੈਂਦੇ ਹਨ। ਸਮੁੱਚੀ ਖੱਬੀ ਲਹਿਰ ਲੋਕਾਂ ਵਿਚ ਕਦ ਆਪਣੀਆਂ ਜੜ੍ਹਾਂ ਮਜ਼ਬੂਤ ਕਰੇ, ਹਾਲੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ।

ਇਥੇ ਮੇਰੇ ਨਾਲ ਜਿੰਨੇ ਵੀ ਪੰਜਾਬੀ ਕੰਮ ਕਰਦੇ ਹਨ, ਉਹਨਾਂ ਦੇ ਦਿਲ ਵਿਚ ਸਮਤਾ ਦੇ ਸਟੈਂਡ ਲਈ (ਪੰਜਾਬ ਬਾਰੇ) ਜੋ ਸਤਿਕਾਰ ਹੈ, ਹੋਰ ਕਿਸੇ ਲਈ ਨਹੀਂ, ਇਹ ਤੁਹਾਡੀ ਇਮਾਨਦਾਰੀ ਅਤੇ ਮਨੁੱਖਵਾਦੀ ਸੋਚ ਦਾ ਹੀ ਸਿੱਟਾ ਹੈ। ਮੈਂ ਜਦ ਵੀ ਫੇਰ ਪੰਜਾਬ ਆਇਆ ਤਾਂ ਤੁਹਾਡੇ ਕੋਲ ਜ਼ਰੂਰ ਆਵਾਂਗਾ। ਕਿਉਂਕਿ ਜ਼ਿੰਦਗੀ ਜੀਣ ਦਾ ਢੰਗ ਜਿਸ ਤਰ੍ਹਾਂ ਸੋਚੋ ਜੇ ਨਾ ਜੀਓ ਤਾਂ ਇਸ ਤੋਂ ਵੱਡਾ ਨਰਕ ਹੋਰ ਕੀ ਹੋ ਸਕਦਾ ਹੈ। ਅਕਸਰ ਲੋਕ ਪ੍ਰਦੇਸਾਂ ਵਿਚੋਂ ਪੰਜਾਬ ਜਾ ਕੇ ਵੀ ਤਾਂ ਵਸਦੇ ਹੀ ਹਨ। ਇਸ ਬਾਰੇ ਤੁਹਾਡੇ ਨਾਲ ਮਿਲ ਕੇ ਗੱਲਾਂ ਕਰਾਂਗਾ। ਮੇਰੇ ਵਲੋਂ ਫਿਰ ਆਪ ਜੀ ਨੂੰ ਹਾਰਦਿਕ ਸਤਿਕਾਰ।

ਤੁਹਾਡਾ ਵੀਰ

ਬਲਦੇਵ ਬਾਵਾ

0

## ਆਈ. ਪੀ. ਐਫ. ਦੇ ਡਰਾਫਟ ਵਿਚੋਂ

ਜੋ ਕਿ ਆਈ. ਪੀ. ਐਫ. ਦੀ ਤੀਜੀ ਨੈਸ਼ਨਲ ਕਾਨਫਰੰਸ ਵਿਚ ਬਹਿਸ ਅਧੀਨ ਲਿਆਇਆ ਜਾਂਦਾ ਹੈ। ਇਹ ਕਾਨਫਰੰਸ 20, 21, 22 ਮਾਰਚ 1988 ਦਿੱਲੀ ਵਿਖੇ ਹੋ ਰਹੀ ਹੈ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਸਾਲਾਨਾ ਚੰਦਾ–15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: